ਰੋਜ਼ਾਨਾ ਲੋਕ ਬਾਣੀ
ਨੂੰ ਪੱਤਰਕਾਰਾਂ ਦੀ
ਲੋੜ
99155-94111

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼


# ਲੋਕ ਬਾਣੀ

Email : lokbani08@gmail.com ਸ਼ੁੱਕਰਵਾਰ, 29 ਅਪ੍ਰੈਲ 2022 ਮੁੱਖ ਸੰਪਾਦਕ :- ਅਮਨ ਮਹਿਰਾ (ਜਲੰਧਰ)




R.N.I. Punpun/29016/2008 ✲ ਸਾਲ : 14 ✲ ਅੰਕ : 413 ✲ ਮੁੱਲ : 5.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111

## ਯੂਕਰੇਨ ਤੇ ਰੂਸ ਨੇ ਕੀਤਾ ਹੁਣ ਸਾਈਬਰ ਹਮਲਾ





**ਬੋਸਟਨ/ਲੋਕ ਬਾਣੀ**

ਮਾਈਕ੍ਰੋਸਾਫਟ ਕੰਪਨੀ ਨੇ ਬੁੱਧਵਾਰ ਨੂੰ ਜਾਰੀ ਇਕ ਰਿਪੋਰਟ @ਚ ਕਿਹਾ ਕਿ ਰੂਸੀ ਸਰਕਾਰ ਸਮਰਥਿਤ ਹੈਕਰਾਂ ਨੇ ਪਿਛਲੇ ਕੁਝ ਸਮੇਂ ਦੌਰਾਨ ਯੂਕ੍ਰੇਨ @ਚ ਦਰਜਨਾਂ ਸੰਗਠਨਾਂ @ਤੇ ਸਾਈਬਰ ਹਮਲਾ ਕਰ ਉਨ੍ਹਾਂ ਦੇ ਡਾਟਾ ਨੂੰ ਤਬਾਹ ਕਰ ਦਿੱਤਾ ਹੈ ਅਤੇ ਸੂਚਨਾਵਾਂ ਦਾ ਇਕ ਅਰਾਜਕਤਾ ਮਾਹੌਲਾ ਪੈਦਾ ਕਰ ਦਿੱਤਾ ਹੈ। ਰਿਪੋਰਟ @ਚ ਕਿਹਾ ਗਿਆ ਹੈ ਕਿ ਲਗਭਗ ਅੱਧੇ ਹਮਲੇ ਮਹੱਤਵਪੂਰਨ ਨਾਜ਼ੁਕ ਬੁਨਿਆਦੀ ਢਾਂਚੇ @ਤੇ ਕੀਤੇ ਗਏ ਅਤੇ ਕਈ ਵਾਰ ਅਜਿਹੇ ਹਮਲੇ ਬੰਬਾਰੀ ਦੇ ਨਾਲ-ਨਾਲ ਕੀਤੇ ਗਏ। ਮਾਈਕ੍ਰੋਸਾਫਟ ਨੇ ਕਿਹਾ ਕਿ ਰੂਸ ਨਾਲ ਸਬੰਧ ਸਮੂਹ ਮਾਰਚ 2021 ਤੋਂ ਇਸ ਹਮਲੇ ਦੀ ਤਿਆਰੀ ਕਰ ਰਹੇ ਸਨ ਤਾਂ ਕਿ ਉਹ ਨੈੱਟਵਰਕ ਨੂੰ ਹੈਕ ਕਰ ਰਣਨੀਤਕ ਅਤੇ ਯੁੱਧ ਖੇਤਰ ਦੀਆਂ ਖੁਫੀਆ ਸੂਚਨਾਵਾਂ ਇਕੱਠੀਆਂ ਕਰ ਸਕਣ ਅਤੇ ਭਵਿੱਖ @ਚ ਉਸ ਦੀ ਵਰਤੋਂ ਕੀਤੀ ਜਾ ਸਕੇ। ਰਿਪੋਰਟ ਮੁਤਾਬਕ ਯੁੱਧ ਦੌਰਾਨ ਹੈਕਰਾਂ ਨੇ ਨਾਗਰਿਕਾਂ ਦੀ ਭਰੋਸੇਯੋਗ ਜਾਣਕਾਰੀ ਅਤੇ ਮਹੱਤਵਪੂਰਨ ਸੇਵਾਵਾਂ ਤੱਕ ਪਹੁੰਚ @ਚ ਰੁਕਾਵਟ ਪਾਉਣ ਦੀ ਕੋਸ਼ਿਸ਼ ਕੀਤੀ ਹੈ।

## ਲੂਹ ਪੈਣ ਨਾਲ ਪੰਜਾਬ ਦੇ ਲੋਕਾਂ ਦਾ ਬੁਰਾ ਹਾਲ

**ਜਲੰਧਰ/ਵਰਿੰਦਰ ਮਹਿਰਾ**

ਪੰਜਾਬ ਅਤੇ ਹਰਿਆਣਾ ਵਿੱਚ ਗਰਮੀ ਦਾ ਕਹਿਰ ਲਗਾਤਾਰ ਜਾਰੀ ਹੈ, ਜਿਥੇ ਤਾਪਮਾਨ ਨਿੱਤ ਵਧਦਾ ਜਾ ਰਿਹਾ ਹੈ. ਮੌਸਮ ਵਿਭਾਗ ਨੇ ਐਤਵਾਰ ਅਤੇ ਸੋਮਵਾਰ ਨੂੰ ਤਾਪਮਾਨ 46 ਡਿਗਰੀ ਸੈਲਸੀਅਸ ਤੋਂ ਟੱਪਣ ਦੀ ਪੇਸ਼ੀਨਗੋਈ ਕੀਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਪੰਜਾਬ ਵਿੱਚ ਬਠਿੰਡਾ ਸ਼ਹਿਰ ਸਭ ਤੋਂ ਗਰਮ ਰਿਹਾ, ਜਿੱਥੇ ਦਿਨ ਦਾ ਤਾਪਮਾਨ 44.5 ਡਿਗਰੀ ਸੈਲਸੀਅਸ ਦਰਜ ਕੀਤਾ ਹੈ। ਹਰਿਆਣਾ ਵਿੱਚ ਸਿਰਸਾ ਸਭ ਤੋਂ ਗਰਮ ਰਿਹਾ, ਜਿੱਥੇ ਦਾ ਤਾਪਮਾਨ 44.8 ਡਿਗਰੀ ਸੈਲਸੀਅਸ ਦਰਜ ਕੀਤਾ ਹੈ। ਇਸੇ ਤਰ੍ਹਾਂ ਦੋਵਾਂ ਸੂਬਿਆਂ ਦੀ ਰਾਜਧਾਨੀ ਚੰਡੀਗੜ੍ਹ ਵਿੱਚ ਤਾਪਮਾਨ 41 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ। ਮੌਸਮ ਵਿਭਾਗ ਦੇ ਅਧਿਕਾਰੀ ਸ਼ਿਵਿੰਦਰ ਸਿੰਘ ਨੇ ਦੱਸਿਆ ਕਿ ਆਉਣ ਵਾਲੇ ਦਿਨਾਂ ਵਿਚ ਗਰਮੀ ਹੋਰ ਵਧ ਸਕਦੀ ਹੈ ਅਤੇ ਤਾਪਮਾਨ 46 ਡਿਗਰੀ ਸੈਲਸੀਅਸ ਨੂੰ ਟੱਪ ਸਕਦਾ ਹੈ।



## ਇਕ ਹੋਰ ਅਨੋਖੇ ਵਾਇਰਸ ਨੇ ਦਿੱਤੀ ਬ੍ਰਿਟੇਨ ਵਿੱਚ ਦਸਤਕ




ਪਿਛਲੇ ਕੁਝ ਸਾਲਾਂ ਤੋਂ ਦੁਨੀਆਂ ਵਿੱਚ ਬਿਮਾਰੀਆਂ ਦਾ ਦੌਰ ਚੱਲ ਰਿਹਾ ਹੈ। ਮਨੁੱਖ ਅਜੇ ਇੱਕ ਬਿਮਾਰੀ ਨਾਲ ਨਜਿੱਠਣ ਵਿੱਚ ਕਾਮਯਾਬ ਨਹੀਂ ਹੋਇਆ ਕਿ ਇੱਕ ਹੋਰ ਨਵੀਂ ਬਿਮਾਰੀ ਸਿਰ ਚੁੱਕ ਲੈਂਦੀ ਹੈ। ਇਸ ਵਾਰ ਦੁਨੀਆ ਭਰ ਦੇ ਡਾਕਟਰਾਂ ਅਤੇ ਸਿਹਤ ਸੇਵਾਵਾਂ ਨਾਲ ਜੁੜੇ ਲੋਕਾਂ ਦੀ ਹੈਪੇਟਾਈਟਸ ਦੇ ਗੰਭੀਰ ਮਾਮਲਿਆਂ ਨੇ ਚਿੰਤਾ ਵਧਾ ਦਿੱਤੀ ਹੈ। ਹੈਪੇਟਾਈਟਸ ਇੱਕ ਲਿਵਰ ਦੀ ਬਿਮਾਰੀ ਹੈ ਜਿਸ ਕਾਰਨ ਲਿਵਰ ਵਿਚ ਸੋਜ ਆ ਜਾਂਦੀ ਹੈ। ਵਿਸ਼ਵ ਸਿਹਤ ਸੰਗਠਨ ਦਾ ਕਹਿਣਾ ਹੈ ਕਿ ਹਾਲ ਹੀ ਵਿੱਚ ਨਵੇਂ ਹੈਪੇਟਾਈਟਸ ਦੇ 130 ਤੋਂ ਵੱਧ ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਬ੍ਰਿਟੇਨ ਦੇ ਹਨ। ਜਨਵਰੀ ਤੋਂ ਲੈ ਕੇ ਹੁਣ ਤੱਕ ਬ੍ਰਿਟੇਨ ਵਿੱਚ ਕਿਸੇ ਰਹੱਸਮਈ ਵਾਇਰਸ ਕਾਰਨ ਹੈਪੇਟਾਈਟਸ ਦੇ 108 ਮਾਮਲੇ ਸਾਹਮਣੇ ਆਏ ਹਨ। ਖਾਸ ਗੱਲ ਇਹ ਹੈ ਕਿ ਇਹ ਸਾਰੇ ਮਾਮਲੇ ਬੱਚਿਆਂ ਦੇ ਹਨ। ਇਸ ਤੋਂ ਇਲਾਵਾ ਅਮਰੀਕਾ, ਇਜ਼ਰਾਈਲ, ਡੈਨਮਾਰਕ, ਆਇਰਲੈਂਡ, ਨੀਦਰਲੈਂਡ ਅਤੇ ਸਪੇਨ ਵਿੱਚ ਵੀ ਰਹੱਸਮਈ ਵਾਇਰਸ ਤੋਂ ਹੈਪੇਟਾਈਟਸ ਦੇ ਮਾਮਲੇ ਦਰਜ ਕੀਤੇ ਗਏ ਹਨ।ਹੈਪੇਟਾਈਟਸ ਦੇ ਇਹ ਮਾਮਲੇ ਇੰਨੇ ਗੰਭੀਰ ਹਨ ਕਿ ਕਈ ਬੱਚਿਆਂ ਨੂੰ ਲਿਵਰ ਟ੍ਰਾਂਸਪਲਾਂਟ ਦਾ ਸਾਹਮਣਾ ਵੀ ਕਰਨਾ ਪਿਆ ਹੈ। ਮੈਡੀਕਲ ਜਗਤ ਨਾਲ ਜੁੜੇ ਲੋਕ ਵੀ ਇਨ੍ਹਾਂ ਮਾਮਲਿਆਂ ਨੂੰ ਲੈ ਕੇ ਚਿੰਤਤ ਹਨ ਕਿਉਂਕਿ ਆਮ ਤੌਰ @ਤੇ ਹੋਣ ਵਾਲੇ ਵਾਇਰਸ ਕਾਰਨ ਅਜਿਹਾ ਨਹੀਂ ਹੋ ਰਿਹਾ।

## ਪੰਜਾਬ ਚ ਇਕ ਹੋਰ ਮਾਈਨਿੰਗ ਅਫਸਰ ਕੀਤਾ ਸਸਪੈਂਡ

**ਚੰਡੀਗੜ੍ਹ/ਵਿਨੋਦ ਸ਼ਰਮਾ**:- ਪੰਜਾਬ ’ਚ ਗੈਰ-ਕਾਨੂੰਨੀ ਮਾਈਨਿੰਗ ਨੂੰ ਲੈ ਕੇ ਐਕਸ਼ਨ ਮੋਡ ’ਚ ਪੰਜਾਬ ਸਰਕਾਰ ਨੇ ਇੱਕ ਹੋਰ ਮਾਈਨਿੰਗ ਅਫ਼ਸਰ ਨੂੰ ਸਸਪੈਂਡ ਕਰ ਦਿੱਤਾ ਹੈ। ਜਲ ਸਰੋਤ, ਮਾਈਨਿੰਗ ਤੇ ਜਿਓਲੋਜੀ ਵਿਭਾਗ ’ਚ ਤਾਇਨਾਤ ਜਿਓਲੌਜਿਸਟ ਗਗਨ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ। ਮੁਅੱਤਲੀ ਦੌਰਾਨ ਉਹ ਹੈੱਡਕੁਆਰਟਰ ਨਿਗਰਾਨ ਇੰਜੀਨੀਅਰ ਆਈ.ਬੀ. ਹਲਕਾ ਪਟਿਆਲਾ ਵਿਖੇ ਤਾਇਨਾਤ ਕੀਤਾ ਗਿਆ ਹੈ।

## ਪੰਜਾਬ ਵਿੱਚ ਬਿਜਲੀ ਕੱਟਾ ਨੇ ਕੱਢੇ ਲੋਕਾਂ ਦੇ ਵੱਟ

**ਲੁਧਿਆਣਾ/ਕਰਨ ਅਗਰਵਾਲ**

ਸੂਬੇ ’ਚ ਲੱਗ ਰਹੇ ਬਿਜਲੀ ਦੇ ਕੱਟਾਂ ਕਾਰਨ ਲੋਕ ਤਰਾਹ-ਤਰਾਹ ਕਰ ਰਹੇ ਹਨ। ਚੰਦ ਮਿੰਟ ਬਿਜਲੀ ਸਪਲਾਈ ਆਉਣ ਤੋਂ ਬਾਅਦ ਕਦੇ ਮੈਸੇਜ ਆਉਂਦਾ ਹੈ ਕਿ ਇੰਨੇ ਘੰਟਿਆਂ ਦਾ ਪਾਵਰਕੱਟ ਹੈ ਤੇ ਕਦੇ ਮੈਸੇਜ ਆਉਂਦਾ ਹੈ ਕਿ 66 ਕੇ ਵੀ ਸਪਲਾਈ ਬੰਦ ਹੈ। ਲਗਾਤਾਰ ਦਿਨ ਰਾਤ ਲੱਗ ਰਹੇ ਬਿਜਲੀ ਕੱਟਾ ਕਾਰਨ ਲੋਕ @ਆਪ@ ਸਰਕਾਰ ਨੂੰ ਕੋਸ ਰਹੇ ਹਨ ਅਤੇ ਸੋਸ਼ਲ ਮੀਡੀਆ ਤੇ ਸਰਕਾਰ ਅਤੇ ਮੁੱਖ ਮੰਤਰੀ ਤੇ ਕਈ ਤਰ੍ਹਾਂ ਦੇ ਵਿਅੰਗ ਕੱਸੇ ਜਾ ਰਹੇ ਹਨ।

## ਸਰਕਾਰਾਂ ਖਿਲਾਫ ਮਨਰੇਗਾ ਮਜਦੂਰ ਫੂਕਣਗੇ ਪੁਤਲੇ

**ਮਹਿਲ ਕਲਾਂ/ਲੋਕ ਬਾਣੀ**

ਪਿੰਡ ਕੁਰੜ ਵਿਖੇ ਮਨਰੇਗਾ ਸਕੀਮ ਦਾ ਕੰਮ ਸ਼ੁਰੂ ਨਾ ਕਰਵਾਏ ਜਾਣ ਅਤੇ ਇਲਾਕੇ ਦੇ ਅੱਠ ਪਿੰਡਾਂ ਅੰਦਰ ਸਸਤੀ ਕਣਕ ਦੀ ਵੰਡ ਅਜੇ ਤੱਕ ਨਾ ਕੀਤੇ ਦੇ ਰੋਸ ਵਜੋਂ ਅੱਜ ਮਨਰੇਗਾ ਮਜ਼ਦੂਰਾਂ ਵਲੋਂ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਜਨਰਲ ਸਕੱਤਰ ਭੋਲਾ ਸਿੰਘ ਕਲਾਲ ਮਾਜਰਾ ਦੀ ਅਗਵਾਈ ਹੇਠ ਕੇਂਦਰ ਅਤੇ ਸੂਬਾ ਸਰਕਾਰ ਖ਼ਿਲਾਫ਼ ਅਰਥੀ ਫੂਕ ਮੁਜ਼ਾਹਰਾ ਕੀਤਾ ਗਿਆ।

## ਵਿਦਿਆਰਥਣ ਸਣੇ ਨਸ਼ਾ ਤਸਕਰ 6 ਕਿੱਲੋ ਹੈਰੋਇਨ ਨਾਲ ਕਾਬੂ



**ਅੰਮ੍ਰਿਤਸਰ/ਰਾਜਾ ਕੋਟਲੀ**

ਅੰਮ੍ਰਿਤਸਰ ਕਾਊਂਟਰ ਇੰਟੈਲੀਜੈਂਸ ਪੁਲਿਸ ਨੇ ਹੈਰੋਇਨ ਦੀ ਵੱਡੀ ਖੇਪ ਬਰਾਮਦ ਕੀਤੀ ਹੈ। ਪੁਲਿਸ ਨੇ ਤਿੰਨ ਨਸ਼ਾ ਤਸਕਰਾਂ ਨੂੰ ਛੇ ਕਿਲੋਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਦੱਸਣਯੋਗ ਹੈ ਕਿ ਫੜੇ ਗਏ ਨਸ਼ੇ ਤਸਕਰਾਂ ਵਿੱਚ ਇਕ ਵਿਦਿਆਰਥਣ ਵੀ ਸ਼ਾਮਿਲ ਹੈ। ਪੁਲਿਸ ਨੇ ਤਿੰਨਾਂ ਨੂੰ ਗ੍ਰਿਫਤਕਾਰ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮਿਲੀ ਜਾਣਕਾਰੀ ਅਨੁਸਾਰ ਅੰਮ੍ਰਿਤਸਰ ਕਾਊਂਟਰ ਇੰਟੈਲੀਜੈਂਸ ਪੁਲਿਸ ਨੇ 6 ਕਿਲੋ ਹੈਰੋਇਨ ਖੇਪ ਬਰਾਮਦ ਕੀਤੀ ਹੈ। ਇਨ੍ਹਾਂ ਵਿੱਚ ਇੱਕ ਅੰਮ੍ਰਿਤਸਰ ਕਾਲਜ ਦੀ ਵਿਦਿਆਰਥਣ ਵੀ ਸ਼ਾਮਿਲ ਹੈ। ਉਹ ਅੰਮ੍ਰਿਤਸਰ ਦੇ ਕਾਲਜ ਵਿਚੋਂ ਐਮਐਸਸੀ ਬਾਇਓਟੈੱਕ ਦੀ ਪੜ੍ਹਾਈ ਕਰ ਰਹੀ ਅਤੇ ਕੋਟਕਪੂਰਾ ਨਾਲ ਸੰਬੰਧ ਰੱਖਦੀ ਹੈ। ਇਸ ਤੋਂ ਇਲਾਵਾ ਕਾਬੂ ਕੀਤੇ ਦੋਵੇਂ ਲੜਕੇ ਚਚੇਰੇ ਭਰਾ ਮਹਿਕ ਅਤੇ ਦੀਪ ਹਨ, ਜੋ ਕਿ ਪਿੰਡ ਮੁਹਾਵਾ ਦੇ ਰਹਿਣ ਵਾਲੇ ਹਨ। ਪੁਲਿਸ ਨੇ ਤਿੰਨ ਨੂੰ ਗ੍ਰਿਫਤਾਰ ਹੈਰੋਇਨ ਸਮੇਤ ਕਾਬੂ ਕਰਕੇ ਮਾਮਲਾ ਦਰਜ ਕਰ ਲਿਆ ਹੈ।

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ
ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਪੰਜਾਬ 'ਚ ਬਿਜਲੀ ਸੰਕਟ, ਬਲੈਕ ਆਊਟ ਦਾ ਖ਼ਤਰਾ ਵਧਿਆ



**ਚੰਡੀਗੜ੍ਹ/ਲੋਕ ਬਾਣੀ:**- ਪੰਜਾਬ ਦੇ ਵਿੱਚ ਗਰਮੀ ਦਾ ਕਹਿਰ ਇਕ ਪਾਸੇ ਜਾਰੀ ਹੈ, ਉਥੇ ਹੀ ਦੂਜੇ ਪਾਸੇ ਪੰਜਾਬ ਦੇ ਅੰਦਰ ਵੱਡੇ ਵੱਡੇ ਬਿਜਲੀ ਕੱਟਾਂ ਦੇ ਕਾਰਨ ਪੰਜਾਬ ਵਾਸੀ ਕਾਫ਼ੀ ਜਿਆਦਾ ਪ੍ਰੇਸ਼ਾਨ ਨਜ਼ਰੀ ਆ ਰਹੇ ਹਨ। ਪੰਜਾਬ ਅੰਦਰ ਕੋਲੇ ਦੀ ਕਮੀ ਕਾਰਨ ਬਿਜਲੀ ਸੰਕਟ ਪੈਦਾ ਹੋ ਗਿਆ ਹੈ ਅਤੇ ਜਾਣਕਾਰਾਂ ਦਾ ਮੰਨਣਾ ਹੈ ਕਿ ਪੰਜਾਬ ਬਲੈਕ ਆਊਟ ਹੋ ਸਕਦਾ ਹੈ।

ਖ਼ਬਰਾਂ ਹੁਣ ਤੱਕ ਇਹ ਮਿਲੀਆ ਹਨ ਕਿ, ਕੁੱਝ ਬਿਜਲੀ ਯੂਨਿਟ ਬੰਦ ਹੋ ਗਏ ਹਨ, ਜਿਸ ਕਾਰਨ ਪੰਜਾਬ ਵਾਸੀਆਂ ਨੂੰ ਬਿਜਲੀ ਦੀ ਸਪਲਾਈ ਨਹੀਂ ਮਿਲ ਰਹੀ। ਖ਼ਬਰਾਂ ਦੀ ਮੰਨੀਏ ਤਾਂ, ਪਾਵਰਕੌਮ ਨੇ ਬਾਹਰੋਂ ਖਰੀਦੀ 3000 ਮੈਗਾਵਾਟ ਬਿਜਲੀ ਖਰੀਦੀ ਹੈ। 10 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਬਿਜਲੀ ਖਰੀਦੀ ਜਾ ਰਹੀ ਹੈ।

ਨਤੀਜੇ ਵਜੋਂ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਵਿਸ਼ੇਸ਼ ਤੌਰ 'ਤੇ ਪੇਂਡੂ ਖੇਤਰਾਂ ਵਿੱਚ ਅਣ-ਅਧਾਰਿਤ ਬਿਜਲੀ ਕੱਟਾਂ ਦਾ ਸਹਾਰਾ ਲੈ ਰਹੀ ਹੈ।ਪੰਜਾਬ ਵਿੱਚ ਰੋਜ਼ਾਨਾ 4-5 ਘੰਟੇ ਦੇ ਬਿਜਲੀ ਕੱਟ ਲੱਗ ਰਹੇ ਹਨ।

ਦੱਸ ਦਈਏ ਕਿ, ਵਿਰੋਧੀ ਇਸ ਵੇਲੇ ਪੰਜਾਬ ਸਰਕਾਰ ਨੂੰ ਘੇਰਦੇ ਹੋਏ ਪੁੱਛ ਰਹੇ ਹਨ ਕਿ, ਵਾਅਦੇ ਤਾਂ ਸਰਕਾਰ ਨੇ ਮੁਫ਼ਤ ਬਿਜਲੀ ਦੇਣ ਦੇ ਕੀਤੇ ਹਨ, ਫ਼ੈਸਲਾ ਵੀ ਕਰ ਲਿਆ ਗਿਆ ਹੈ ਕਿ, 1 ਜੁਲਾਈ 2022 ਤੋਂ ਬਿਜਲੀ ਮੁਫ਼ਤ ਮਿਲਣੀ ਸ਼ੁਰੂ ਹੋ ਜਾਵੇਗੀ। ਪਰ ਮੁਫ਼ਤ ਬਿਜਲੀ ਮਿਲਣ ਤੋਂ ਪਹਿਲਾਂ ਹੀ ਬਿਜਲੀ ਦੇ ਲੰਮੇ ਲੰਮੇ ਕੱਟਾਂ ਨੇ ਸਰਕਾਰ ਦੇ ਮੁਫ਼ਤ ਬਿਜਲੀ ਦੇਣ ਵਾਲੇ ਵਾਅਦੇ ਨੂੰ ਗਰਮੀ ਵਿੱਚ ਝੁਲਸ ਕੇ ਰੱਖ ਦਿੱਤਾ ਹੈ।

## ਲੋਕਾਂ ਦੇ ਘਰਾਂ ਦੀ ਬਿਜਲੀ ਗੁੱਲ, ਬਿਨਾਂ ਅਧਿਕਾਰੀਆਂ ਦੀ ਗੈਰਹਾਜ਼ਰੀ ਵਿਚ Office ਵਿਚ ਏਸੀ ਅਤੇ ਪੱਖਾ ਚਲਦਾ ਫੁੱਲ

**ਲੁਧਿਆਣਾ/ਲੋਕ ਬਾਣੀ**

ਲੁਧਿਆਣਾ ਦੇ ਕਾਕੋਵਾਲ ਰੋਡ ਮੁਹੱਲਾ ਨਿਵਾਸੀਆਂ ਵਲੋਂ ਬਿਜਲੀ ਵਿਭਾਗ ਦੇ ਖਿਲਾਫ ਨਾਰੇ ਲਗਾਕੇ ਰੋਸ਼ ਪ੍ਰਦਸ਼ਨ ਕੀਤਾ ਗਿਆ , ਮੁਹੱਲਾ ਨਿਵਾਸੀਆਂ ਨੇ ਕਿਹਾ ਗਰਮੀ ਦੇ ਚਲਦੇ ਬਿਜਲੀ ਦਾ ਲੋਡ ਪੂਰਾ ਨਾ ਹੋਣ ਤੇ ਆਏ ਦਿਨ ਪੱਖੇ ਫਰਿਜ਼ ਅਤੇ ਫਰਿਜ਼ ਵਿਚ ਪਿਆ ਸਮਾਨ ਖਰਾਬ ਹੋ ਜਾਂਦਾ ਹੈ ਪਿਛਲੇ ਸਾਲ ਤੋਂ ਬਿਜਲੀ ਵਿਭਾਗ ਦੇ ਚੱਕਰ ਲਗਾ ਰਹੇ ਨੇ, ਕਇ ਵਾਰ ਸ਼ਿਕਾਇਤ ਲਿਖ ਕੇ ਦਿਤੀ ਗਈ ਹੈ ਪਰ ਬਿਜਲੀ ਵਿਭਾਗ ਦੇ ਸਿਰ ਉਪਰ ਜੂ ਤੱਕ ਨਹੀਂ ਸਰਕੀ ਅੱਜ ਲੋਕਾਂ ਵਲੋਂ ਪ੍ਰੇਸ਼ਾਨ ਹੋ ਕੇ ਰੋਸ਼ ਪ੍ਰਦਸ਼ਨ ਕੀਤਾ ਗਿਆ ਮੰਗ ਕਰਦੇ ਹੋਏ ਕਿਹਾ ਲੋਡ ਪੂਰਾ ਕੀਤਾ ਜਾਏ ◆ ਉਥੇ ਹੀ ਜਦ ਮੁਹੱਲਾ ਨਿਵਾਸੀ ਅਤੇ ਪੱਤਰਕਾਰ ਐਕਸੀਅਨ ਦੇ ਕਮਰੇ ਵਿਚ ਦਾਖਲ ਹੋਏ ਤਾਂ ਦੇਖਿਆ ਮੌਕੇ ਤੇ ਐਕਸੀਅਨ ਸਾਹਿਬ ਆਪਣੀ ਸੀਟ ਤੇ ਮੌਜੂਦ ਨਹੀਂ ਸਨ ਕਮਰੇ ਵਿਚ ਏ,ਸੀ,ਪੱਖਾਂ ਚੱਲ ਰਿਹਾ ਸੀ, ਕਮਰੇ ਵਿਚ ਏ ਸੀ ਪੱਖਾਂ ਚਲਦਾ ਦੇਖ ਲੋਕਾਂ ਵਲੋਂ ਵਿਰੋਧ ਕੀਤਾ ਗਿਆ ਪੱਤਰਕਾਰਾਂ ਵੱਲੋਂ ਕਮਰੇ ਦੀ ਵੀਡੀਓ ਬਨਾਇ ਗਈ, ਬਿਜਲੀ ਮੁਲਾਜਮਾਂ ਨੂੰ ਭਾਜੜਾਂ ਪੈ ਗਈਆਂ ਬਿਜਲੀ ਮੁਲਾਜਮਾਂ ਵਲੋਂ ਐਕਸੀਅਨ ਨੂੰ ਇਤਲਾਹ ਦਿਤੀ ਗਈ ਕੁਛ ਸਮਏ ਬਾਦ ਐਕਸੀਅਨ ਸਾਹਿਬ ਅਪਣੀ ਸੀਟ ਤੇ ਪਹੁੰਚ ਗਏ ਅਤੇ ਕੈਮਰੇ ਬੰਦ ਕਰਨ ਨੂੰ ਕਿਹਾ ਗਿਆ ਘਬਰਾਏ ਹੋਏ ਐਕਸੀਅਨ ਸਾਹਿਬ ਨੇ ਮੁਹੱਲਾ ਨਿਵਾਸੀਆਂ ਨੂੰ ਤਿੰਨ ਦਿਨ ਵਿਚ ਲੋਡ ਵਧਾਉਣ ਦਾ ਵਾਅਦਾ ਕਰ ਦਿਤਾ ◆ ਅਤੇ ਪੱਤਰਕਾਰਾਂ ਨੂੰ ਵੀ ਕਿਹਾ ਕਿ ਲੋਕਾਂ ਦੀ ਸਮੱਸਿਆ ਨੂੰ ਦੇਖਦੇ ਹੋਏ ਟਰਾਂਸਫਰ ਲਗਾ ਕੇ ਲੋਡ ਪੂਰਾ ਕੀਤਾ ਜਾਏ ਗਾ।

## ਬਿਜਲੀ ਚੋਰੀ ਮਾਮਲੇ 'ਚ ਬਿਜਲੀ ਬੋਰਡ ਦਾ SDO ਤੇ ਜੇਈ ਮੁਅੱਤਲ





ਪਾਵਰਕੌਮ ਦੇ ਇਨਫੋਰਸਮੈਂਟ ਵਿੰਗ ਨੇ ਬਿਜਲੀ ਚੋਰੀ ਕਰਨ ਵਾਲੇ ਖਪਤਕਾਰਾਂ ਦੇ ਨਾਲ-ਨਾਲ ਬਿਜਲੀ ਚੋਰੀ ਕਰਨ ਵਾਲੇ ਪਾਵਰਕੌਮ ਮੁਲਾਜ਼ਮਾਂ 'ਤੇ ਸ਼ਿਕੰਜਾ ਕੱਸਿਆ ਹੈ। ਵਿੰਗ ਨੇ ਬਿਜਲੀ ਚੋਰੀ ਦੇ ਮਾਮਲੇ ਵਿੱਚ ਪਠਾਨਕੋਟ ਸਬ ਡਵੀਜ਼ਨ ਵਿੱਚ ਤਾਇਨਾਤ ਐਸਡੀਓ ਭਗਵਾਨ ਦਾਸ ਅਤੇ ਜੇਈ ਰਾਮ ਕਿਸ਼ਨ ਨੂੰ ਮੁਅੱਤਲ ਕਰ ਦਿੱਤਾ ਹੈ।

ਇਲਜ਼ਾਮ ਹੈ ਕਿ ਐਸਡੀਓ ਅਤੇ ਜੇਈ ਇੰਡਸਟਰੀ ਦੇ ਸੰਚਾਲਕ ਨੂੰ ਬਿਜਲੀ ਚੋਰੀ ਕਰ ਰਹੇ ਸਨ। ਪਾਵਰਕੌਮ ਨੇ ਇੰਡਸਟਰੀ ਆਪਰੇਟਰ ਨੂੰ 39 ਲੱਖ ਰੁਪਏ ਦਾ ਜੁਰਮਾਨਾ ਲਾਇਆ ਹੈ, ਜਿਸ ਵਿੱਚ 10 ਲੱਖ ਰੁਪਏ ਦੀ ਕੰਪਾਊਂਡਿੰਗ ਫੀਸ ਵੀ ਸ਼ਾਮਲ ਹੈ।

ਇਸ ਸਬੰਧੀ ਕਾਰਜਕਾਰੀ ਇੰਜਨੀਅਰ (ਕਾਰਜਕਾਰੀ ਇੰਜਨੀਅਰ) ਸੰਨੀ ਭਾਗੜਾ ਨੇ ਦੱਸਿਆ ਕਿ ਸਨਅਤ ਵਿੱਚ ਵਿਸਲ ਬਾਕਸ ਲਗਾਇਆ ਗਿਆ ਸੀ। ਜਿਸ ਦੀ ਸਪਲਾਈ ਨੂੰ ਬਾਈਪਾਸ ਕੀਤਾ ਜਾ ਰਿਹਾ ਸੀ। ਐਸਡੀਓ ਪਿਛਲੇ ਅੱਠ ਸਾਲਾਂ ਤੋਂ ਮੀਟਰ ਰੀਡਿੰਗ ਲੈ ਰਿਹਾ ਸੀ। ਭਗਵਾਨ ਦਾਸ ਨੂੰ ਬਦਲ ਦਿੱਤਾ ਗਿਆ ਸੀ, ਜੇਈ ਰਾਮ ਕਿਸ਼ਨ ਨੇ ਉਨ੍ਹਾਂ ਦੀ ਜਗ੍ਹਾ ਲੈਣੀ ਸ਼ੁਰੂ ਕਰ ਦਿੱਤੀ ਸੀ, ਪਰ ਵਿਭਾਗ ਨੂੰ ਸੂਚਿਤ ਨਹੀਂ ਕੀਤਾ। ਵਿੰਗ ਨੂੰ ਜਦੋਂ ਇਸ ਮਾਮਲੇ ਬਾਰੇ ਪਤਾ ਲੱਗਾ ਤਾਂ ਜਾਂਚ ਦੌਰਾਨ ਪਤਾ ਲੱਗਾ ਕਿ ਬਿਜਲੀ ਚੋਰੀ ਹੋ ਰਹੀ ਹੈ।

## ਬਿਜਲੀ ਸੰਕਟ; ਕਿਸਾਨਾਂ ਨੇ ਕੀਤਾ ਭਗਵੰਤ ਮਾਨ ਸਰਕਾਰ ਖਿਲਾਫ਼ ਵੱਡਾ ਐਲਾਨ




**ਚੰਡੀਗੜ੍ਹ/ਲੋਕ ਬਾਣੀ**

ਪੰਜਾਬ ਦੇ ਅੰਦਰ ਬਿਜਲੀ ਸੰਕਟ ਜਿੱਥੇ ਗਹਿਰਾ ਹੁੰਦਾ ਜਾ ਰਿਹਾ ਹੈ, ਉਥੇ ਹੀ ਕਿਸਾਨਾਂ ਨੂੰ ਫ਼ਸਲਾਂ ਦੀ ਸਿੰਚਾਈ ਕਰਨ ਵਾਸਤੇ ਪੂਰੀ ਬਿਜਲੀ ਨਹੀਂ ਮਿਲ ਰਹੀ, ਜਿਸ ਦੇ ਕਾਰਨ ਕਿਸਾਨਾਂ ਦੀਆਂ ਫ਼ਸਲਾਂ ਸੁੱਕ ਸੜ ਰਹੀਆਂ ਹਨ।

ਕਿਸਾਨਾਂ ਵਿੱਚ ਇਸੇ ਦੇ ਚੱਲਦਿਆਂ ਗੁੱਸਾ ਵੀ ਵੇਖਣ ਨੂੰ ਮਿਲ ਰਿਹਾ ਹੈ। ਬਿਜਲੀ ਸੰਕਟ ਅਤੇ ਖੇਤਾਂ ਨੂੰ ਬਿਜਲੀ ਪੂਰੀ ਨਾ ਮਿਲਣ ਦੇ ਕਾਰਨ ਹੁਣ ਕਿਸਾਨਾਂ ਨੇ ਭਗਵੰਤ ਮਾਨ ਸਰਕਾਰ ਖਿਲਾਫ਼ ਵੱਡਾ ਐਲਾਨ ਕਰ ਦਿੱਤਾ ਹੈ।

ਕਿਸਾਨ ਕੱਲ੍ਹ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਦੀ ਅਮ੍ਰਿਤਸਰ ਵਿਚਲੀ ਰਿਹਾਇਸ਼ ਨੂੰ ਘੇਰਣ ਜਾ ਰਹੇ ਹਨ। ਕਿਸਾਨਾਂ ਦੀ ਮੰਗ ਹੈ ਕਿ, ਜਿਹੜੇ ਵਾਅਦੇ ਸੱਤਾ ਵਿੱਚ ਸਰਕਾਰ ਕਰਕੇ ਆਈ ਸੀ, ਉਹਨੂੰ ਛੇਤੀ ਪੂਰਾ ਕੀਤਾ ਜਾਵੇ।

ਇਸ ਤੋਂ ਇਲਾਵਾ ਪੰਜਾਬ ਦੇ ਅੰਦਰ ਪੈਦਾ ਹੋਏ ਬਿਜਲੀ ਸੰਕਟ ਨੂੰ ਹੱਲ ਕੀਤਾ ਜਾਵੇ। ਪੰਜਾਬ ਨੈੱਟਵਰਕ ਨਾਲ ਗੱਲਬਾਤ ਕਰਦਿਆਂ ਹੋਇਆ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂ ਸਰਵਨ ਸਿੰਘ ਪੰਧੇਰ ਦਾ ਕਹਿਣਾ ਹੈ ਕਿ, ਕੱਲ੍ਹ ਉਨ੍ਹਾਂ ਦੀ ਜਥੇਬੰਦੀ ਬਿਜਲੀ ਮੰਤਰੀ ਦੀ ਕੋਠੀ ਘੇਰੇਗੀ। ਉਨ੍ਹਾਂ ਮੰਗ ਕੀਤੀ ਕਿ, ਖੇਤੀ ਮੋਟਰਾਂ ਨੂੰ ਬਿਜਲੀ ਸਪਲਾਈ 10 ਘੰਟੇ ਰੋਜ਼ਾਨਾ ਯਕੀਨੀ ਬਣਾਈ ਜਾਵੇ,ਨਹਿਰੀ ਪਾਣੀ ਟੇਲਾਂ ਤੱਕ ਪੁੱਜਦਾ ਕੀਤਾ ਜਾਵੇ। ਸਰਵਨ ਸਿੰਘ ਪੰਧੇਰ ਨੇ ਪੰਜਾਬ ਦੇ ਸਮੂਹ ਕਿਸਾਨਾਂ ਮਜ਼ਦੂਰਾਂ ਨੂੰ ਅਪੀਲ ਕੀਤੀ ਕਿ, ਉਹ ਵੱਡੀ ਗਿਣਤੀ ਵਿੱਚ ਇਸ ਧਰਨੇ ਵਿੱਚ ਸ਼ਮੂਲੀਅਤ ਕਰਨ।

## ਲੋਕਾਂ ਮਾਨ ਨੂੰ ਪੰਜਾਬ ਦਾ 3$ ਬਣਾਇਆ, ਕੇਜਰੀਵਾਲ ਦਾ ਸੰਤਰੀ ਬਣ ਕੇ ਸਲੂਟ ਮਾਰ ਰਿਹੈ : ਸਿੱਧੂ

**ਫ਼ਾਜ਼ਿਲਕਾ/ਲੋਕ ਬਾਣੀ**

ਭਾਰਤ ਪਾਕਿਸਤਾਨ ਕੌਮਾਂਤਰੀ ਸਰਹੱਦ ਦੇ ਫ਼ਾਜ਼ਿਲਕਾ ਇਲਾਕੇ ਦੇ ਪਿੰਡ ਘੁਰਕਾਂ ਦਾ ਕਾਂਗਰਸ ਪਾਰਟੀ ਦੇ ਸਾਬਕਾ ਪੰਜਾਬ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਦੌਰਾ ਕੀਤਾ । ਇਸ ਦੌਰਾਨ ਉਨ੍ਹਾਂ ਨੇ ਕੌਮਾਂਤਰੀ ਸਰਹੱਦ ਤੇ ਕੰਡਿਆਲੀ ਤਾਰ ਦੇ ਪਾਰ ਖੇਤੀ ਕਰਦੇ ਕਿਸਾਨਾਂ ਦੀਆਂ ਮੁਸ਼ਕਲਾਂ ਨੂੰ ਸੁਣਿਆ। ਕਿਸਾਨਾਂ ਨੇ ਤਾਰੋ ਪਾਰ ਮਿਲਣ ਵਾਲੇ ਮੁਆਵਜ਼ੇ ਦੇ ਜਾਰੀ ਨਹੀਂ ਹੋਣ ਸਬੰਧੀ ਨਵਜੋਤ ਸਿੰਘ ਸਿੱਧੂ ਨੂੰ ਦੱਸਿਆ।

ਇਸ ਮੌਕੇ ਤੇ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ 31 ਹਜ਼ਾਰ ਏਕੜ ਫ਼ਸਲ ਕੰਡਿਆਲੀ ਤਾਰ ਦੇ ਪਾਰ ਤਿੰਨ ਜ਼ਿਲ੍ਹਿਆਂ ਦੇ ਕਿਸਾਨਾਂ ਦੀ ਆਉਂਦੀ ਹੈ। ਜਿਸ ਵਿਚ 220 ਪਿੰਡ ਹਨ। ਜਿਨ੍ਹਾਂ ਨੂੰ 2018 ਤੋਂ ਬਾਅਦ ਕਿਸਾਨਾਂ ਨੂੰ ਰਾਹਤ ਰਾਸ਼ੀ ਜਾਰੀ ਨਹੀਂ ਹੋਈ। ਉਨ੍ਹਾਂ ਨੇ ਕਿਹਾ ਕਿ ਉਹ ਹੁਣ ਮੁਕਤ ਹਨ ਅਤੇ ਮਿਹਨਤੀ ਲੋਕਾਂ ਦੀ ਆਵਾਜ਼ ਨੂੰ ਚੁੱਕਣ ਲਈ ਆਏ ਹਨ। ਉਹ ਕਿਸੇ ਸਰਕਾਰ ਦਾ ਪੱਖ ਅਤੇ ਕਿਸੇ ਦੀ ਨਿੰਦਾ ਕਰਨ ਲਈ ਨਹੀਂ ਆਏ ਹਨ। ਉਹ ਕਿਸਾਨ ਦੀ ਆਵਾਜ਼ ਨੂੰ ਬੁਲੰਦ ਕਰਨ ਲਈ ਪੁੱਜੇ ਹਨ। ਉਨ੍ਹਾਂ ਨੇ ਕਿਹਾ ਕਿ ਕਾਨੂੰਨ ਵਿਵਸਥਾ ਨੂੰ ਛੱਡ ਕੇ ਸਾਰੇ ਮਸਲੇ ਦਾ ਹੱਲ ਇਨਕਮ ਹੈ। ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬ ਵਿਚ ਮਾਫ਼ੀਆ ਰਾਜ ਖ਼ਤਮ ਹੋਣਾ ਚਾਹੀਦਾ ਹੈ। ਤਾਕੀ ਸੂਬੇ ਦੀ ਇਨਕਮ ਨੂੰ ਵਧਾਇਆ ਜਾ ਸਕੇ। ਉਨ੍ਹਾਂ ਨੇ ਕਿਹਾ ਕਿ ਇਨਕਮ ਵਧਾਉਣ ਲਈ ਅੱਜ ਸਰਕਾਰ 6 ਚੀਜ਼ਾਂ ਤੇ ਕੰਮ ਕਰ ਸਕਦੀ ਹੈ। ਸੂਬਾ ਸਰਕਾਰ ਰੇਤ ,ਸ਼ਰਾਬ, ਟਰਾਂਸਪੋਰਟ ਅਤੇ ਕੇਬਲ ਤੋਂ ਪੈਸਾ ਕਮਾ ਸਕਦੀ ਹੈ।

## ਸ਼ਾਹੀਨ ਬਾਗ ਤੇ ਜਾਮੀਆ ਇਲਾਕੇ 'ਚ NCB ਦਾ ਛਾਪਾ, 350 ਕਰੋੜ ਦੀ ਹੈਰੋਇਨ ਬਰਾਮਦ



**ਨਵੀਂ ਦਿੱਲੀ/ਲੋਕ ਬਾਣੀ-** ਨਾਰਕੋਟਿਕਸ ਕੰਟਰੋਲ ਬਿਊਰੋ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਇੱਕ ਵੱਡੇ ਸਿੰਡੀਕੇਟ ਦਾ ਪਰਦਾਫਾਸ਼ ਕੀਤਾ ਹੈ, ਜਿਸ ਵਿੱਚ ਅਫਗਾਨ, ਪਾਕਿਸਤਾਨੀ ਅਤੇ ਭਾਰਤੀ ਮੂਲ ਦੇ ਲੋਕ ਸ਼ਾਮਲ ਹਨ। ਅਸਲ ਵਿੱਚ, ਇਹ ਇੱਕ ਭਾਰਤ-ਅਫ਼ਗਾਨ ਸਿੰਡੀਕੇਟ ਹੈ। ਨਾਰਕੋਟਿਕਸ ਕੰਟਰੋਲ ਬਿਊਰੋ ਨੇ ਕਰੀਬ 350 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਜ਼ਬਤ ਕੀਤੇ ਹਨ। ਡੀਡੀਜੀ ਗਿਆਨੇਸ਼ਵਰ ਸਿੰਘ ਨੇ ਦੱਸਿਆ ਕਿ ਇੱਕ ਗੁਪਤ ਆਪ੍ਰੇਸ਼ਨ @ਤੇ ਕੰਮ ਕਰਦੇ ਹੋਏ, ਦਿੱਲੀ ਦੇ ਸ਼ਾਹੀਨ ਬਾਗ ਅਤੇ ਜਾਮੀਆ ਖੇਤਰਾਂ ਵਿੱਚ ਛਾਪੇਮਾਰੀ ਕਰਕੇ ਇੱਕ ਘਰ ਤੋਂ 50 ਕਿਲੋਗ੍ਰਾਮ ਹੈਰੋਇਨ ਅਤੇ 47 ਕਿਲੋ ਸ਼ੱਕੀ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਹਨ। ਨਾਲ ਹੀ 30 ਲੱਖ ਰੁਪਏ ਦੀ ਨਕਦੀ ਅਤੇ ਨੋਟ ਗਿਣਨ ਵਾਲੀ ਮਸ਼ੀਨ ਵੀ ਬਰਾਮਦ ਕੀਤੀ ਗਈ ਹੈ। ਜਾਂਚ @ਚ ਪਤਾ ਲੱਗਾ ਹੈ ਕਿ ਇਸ ਹੈਰੋਇਨ ਨੂੰ ਦਰੱਖਤ ਦੀਆਂ ਟਾਹਣੀਆਂ @ਚ ਖੋਖਾ ਬਣਾ ਕੇ ਸਮੁੰਦਰ ਅਤੇ ਪਾਕਿਸਤਾਨ ਸਰਹੱਦ ਰਾਹੀਂ ਗੁਪਤ ਤਰੀਕੇ ਨਾਲ ਭਾਰਤ ਲਿਆਂਦਾ ਗਿਆ ਸੀ। ਨਾਲ ਹੀ, ©32 ਨੂੰ ਸ਼ੱਕ ਹੈ ਕਿ ਬਰਾਮਦ ਕੀਤੀ ਨਕਦੀ ਵੀ ਹਵਾਲਾ ਰਾਹੀਂ ਭਾਰਤ ਲਿਆਂਦੀ ਗਈ ਹੈ। ਡੀਡੀਜੀ ਆਪ੍ਰੇਸ਼ਨ ਸੰਜੇ ਕੁਮਾਰ ਅਤੇ ਗਿਆਨੇਸ਼ਵਰ ਸਿੰਘ ਨੇ ਦੱਸਿਆ ਕਿ ਭਾਰਤ ਵਿੱਚ ਇਸ ਅੰਤਰਰਾਸ਼ਟਰੀ ਸਿੰਡੀਕੇਟ ਦੀਆਂ ਤਾਰਾਂ ਦਿੱਲੀ, ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੇ ਵੱਖ-ਵੱਖ ਸ਼ਹਿਰਾਂ ਨਾਲ ਜੁੜੀਆਂ ਹੋਈਆਂ ਹਨ। ਬਰਾਮਦ ਕੀਤੇ ਗਏ ਨਸ਼ੀਲੇ ਪਦਾਰਥਾਂ ਦੀ ਖੇਪ ਵੱਖ-ਵੱਖ ਮਾਤਰਾ ਵਿੱਚ ਜੂਟ ਦੀਆਂ ਬੋਰੀਆਂ ਵਿੱਚ ਰੱਖੀ ਹੋਈ ਸੀ।

# ਆਮ ਆਦਮੀ ਪਾਰਟੀ ਸੂਬੇ ਨੂੰ ਰੰਗਲਾ ਪੰਜਾਬ ਤੇ ਹਰਿਆਲੀ ਭਰਿਆ ਸੂਬਾ ਬਣਾਉਣ ਲਈ ਵਚਨਬੱਧ : ਦਿਲਬਾਗ ਸਿੰਘ ਕੰਗ

## ਦਾਸ ਦੀਆਂ ਚਾਰ ਬੇਟੀਆਂ ਤੇ ਬਜ਼ੁਰਗ ਮਾਤਾ ਪਿਤਾ ਸ਼ੁੱਧ ਵਾਤਾਵਰਣ ਸਬੰਧੀ ਨਿਭਾ ਰਿਹਾ ਸੇਵਾਵਾਂ

**ਮੋਗਾ/ਫਤਹਿਗੜ੍ਹ/ਪੰਜਤੂਰ/ਦਵਿੰਦਰ ਸਿੰਘ ਬਿੱਟੂ ਸਹੋਤਾ**

16ਵੀ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਵੱਲੋਂ ਹੂੰਝਾ ਫੇਰ ਕੀਤੀ ਜਿੱਤ ਨੇ ਜਿੱਥੇ ਰਵਾਇਤੀ ਪਾਰਟੀਆਂ ਦੇ 75 ਸਾਲਾਂ ਦੇ ਕੰਮਾਂ ਨੂੰ ਨਕਾਰਿਆ ਹੈ। ਉਥੇ ਹੀ ਸੂਬੇ ਦੇ ਵਿਕਾਸ ਦੇ ਮੁੱਦੇ ਤੇ ਟਾਹਰਾਂ ਮਾਰਨ ਵਾਲੇ ਕਾਰਪੋਰੇਟ ਘਰਾਣਿਆਂ ਨੇ ਪੰਜਾਬ ਨੂੰ ਕਰਜ਼ਾਈ ਕਰ ਕੇ ਇਸ ਦੀ ਹਾਲਤ ਨੂੰ ਤਰਸਯੋਗ ਬਣਾ ਦਿੱਤਾ ਹੈ। ਅੱਜ ਉਨ੍ਹਾਂ ਨੂੰ ਵੀ ਸਬਕ ਲੈਣ ਦੀ ਲੋੜ ਹੈ , ਕਿ ਲੋਕਤੰਤਰ ਨੂੰ ਹੱਥਾਂ ਵਿੱਚ ਨਹੀਂ ਰੱਖਿਆ ਜਾ ਸਕਦਾ ਸੂਬੇ ਦੇ ਲੋਕ ਕਦੇ ਵੀ ਏਕਤਾ , ਈਮਾਨਦਾਰੀ ਅਤੇ ਉੱਚੀ ਸੋਚ ਰੱਖ ਕੇ ਤਖਤਾ ਪਲਟ ਸਕਦੇ ਹਨ । ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਾਤਾਵਰਣ ਪ੍ਰੇਮੀ ਦਿਲਬਾਗ ਸਿੰਘ ਮੇਲਕ ਕੰਗਾਂ ਨੇ (ਰੋਜਾਨਾ ਲੋਕ ਬਾਣੀ ਅਖ਼ਬਾਰ ) ਨਾਲ ਸਾਂਝਾ ਕੀਤਾ । ਉਨ੍ਹਾਂ ਆਪਣੇ ਮਨ ਦੇ ਵਿਚਾਰ ਦੱਸਦਿਆਂ ਕਿਹਾ ਕਿ ਪੰਜਾਬ ਨੂੰ ਫਿਰ ਤੋਂ ਹਰਿਆਲੀ ਭਰਿਆ ਸੂਬਾ ਬਣਾਉਣ ਤੇ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਹਰ ਮਨੁੱਖ ਨੂੰ ਉਪਰਾਲੇ ਕਰਨੇ ਪੈਣਗੇ ,ਤੇ ਜੋ ਸਮਾਜ ਸੇਵੀ ਰਾਜਨੀਤਕ ਅਤੇ ਸਿਆਸੀ ਆਗੂ ਸ਼ੁੱਧ ਵਾਤਾਵਰਨ ਬਨਾਉਣ ਲਈ ਵੱਡੇ ਵੱਡੇ ਉਪਰਾਲੇ ਕਰ ਰਹੇ ਹਨ । ਉਨ੍ਹਾਂ ਦਾ ਸਾਥ ਦੇਣ ਦੀ ਲੋਡ ? ਹੈ ,ਨਾ ਕਿ ਈਰਖਾ ਕਰਨ ਦੀ, ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਇਹ ਵੀ ਕਿਹਾ ਕਿ ਗਰਮੀ ਦੇ ਵਧਦੇ ਦੌਰ ਨੂੰ ਵੇਖਦਿਆਂ ਜਿੱਥੇ ਵੀ ਸਮਾਜ ਸੇਵੀ ਆਗੂਆਂ ਵੱਲੋਂ ਸਾਂਝੀ ਜਗ੍ਹਾ ਤੇ ਪੌਦੇ ਦਰੱਖਤ ਲਗਾਏ ਗਏ ਹਨ ,ਉਨ੍ਹਾਂ ਨੂੰ ਪਾਣੀ ਪਾਉਣ ਦਾ ਫਰਜ਼ ਅਦਾ ਕਰਨਾ ਚਾਹੀਦਾ ਹੈ ਲੋੜਵੰਦ ਪਰਿਵਾਰਾਂ ਦੀ ਸੇਵਾ ਕਰਨਾ ਅਤੇ ਪੌਦਿਆਂ ਦੀ ਦੇਖ ਭਾਲ ਕਰਨਾ ਮਨੁੱਖ ਦੇ ਨੇਤਰ ਦੀ ਪਹਿਲੀ ਸੇਵਾ ਹੈ ।ਜਿਸ ਨੂੰ ਨਭਾਉਣ ਲਈ ਹਰ ਇਨਸਾਨ ਨੂੰ ਪਹਿਲ ਦੇ ਆਧਾਰ ਤੇ ਪੂਰਾ ਕਰਨਾ ਚਾਹੀਦਾ ਹੈ । ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਅਤੇ ਸੂਬੇ ਦੇ ਸਮੂਹ ਲੋਕਾਂ ਨੂੰ ਅੱਗੇ ਆਉਣਾ ਚਾਹੀਦਾ ਹੈ । ਤਾਂ ਜੋ ਕਿ ਪੰਜਾਬ ਨੂੰ ਫਿਰ ਤੋਂ ਹਰਿਆ ਭਰਿਆ ਸ਼ੁੱਧ ਵਾਤਾਵਰਨ ਤੇ ਜ਼ਹਿਰਾ ਤੋਂ ਮੁਕਤ ਬਣਾਇਆ ਜਾ ਸਕੇ ,, ਉਨ੍ਹਾਂ ਇਹ ਵੀ ਕਿਹਾ ਕਿ ਮਾਨ ਸਰਕਾਰ ਵਲੋਂ ਸੂਬੇ ਨੂੰ ਨਸ਼ਾ ਮੁਕਤ ਭ੍ਰਿਸ਼ਟਾਚਾਰ ਮੁਕਤ ਗਰੋਹ ਮਾਫੀਆ ਮੁਕਤ ਕਰਨ ਲਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ। ਜਿਸ ਦੀ ਪ੍ਰਸੰਸਾ ਸੂਬੇ ਦੇ ਲੋਕ ਕਰ ਰਹੇ ਹਨ। ਉਨ੍ਹਾਂ ਆਪਣੇ ਮਨ ਦੇ ਵਿਚਾਰਾਂ ਨੂੰ ਲੋਕਾਂ ਦੇ ਸਨਮੁੱਖ ਕਰਦਿਆਂ ਕਿਹਾ ਕਿ ਦਾਸ ਦੀਆਂ ਚਾਰ ਬੇਟੀਆਂ ਹਨ ਤੇ ਬਜ਼ੁਰਗ ਮਾਤਾ ਪਿਤਾ ਸਮੇਤ ਸਾਰਾ ਪਰਿਵਾਰ ਸੂਬੇ ਦੀ ਸੇਵਾ ਕਰਨ ਲਈ ਲੰਬੇ ਸਮੇਂ ਤੋਂ ਦਿਨ ਰਾਤ ਸੁਧ ਵਾਤਾਵਰਣ ਸੰਬੰਧੀ ਪਿੰਡਾਂ , ਸ਼ਹਿਰਾਂ ਅਤੇ ਸਾਂਝੀਆਂ ਥਾਵਾਂ ਤੇ ਸਜਾਵਟੀ ਫੁੱਲਦਾਰ ਪੌਦੇ ਤੇ ਦਰੱਖਤ ਲਗਾ ਕੇ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਾਂ।



# ਪੋਸਟ ਮੈਟ੍ਰਿਕ ਵਜੀਫਾ ਸਕੀਮ ਲਈ ਰਾਜ ਸਰਕਾਰ ਵੱਲੋਂ ਪੋਰਟਲ ਸ਼ੁਰੂ, ਵਿਦਿਆਰਥੀ ਫ਼੍ਰੀਸ਼ਿਪ ਕਾਰਡ ਲਈ ਕਰ ਸਕਦੇ ਹਨ ਅਪਲਾਈ : ਵਿਧਾਇਕ ਅਮਰਪਾਲ ਸਿੰਘ

**ਬਟਾਲਾ/ਸੁਖਨਾਮ ਸਿੰਘ**

ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਲਈ ਫ਼੍ਰੀਸ਼ਿਪ ਕਾਰਡ ਜਾਰੀ ਕਰਨ ਲਈ 21 ਅਪ੍ਰੈਲ ਤੋਂ ਪੋਰਟਲ ਖੋਲ ਦਿੱਤਾ ਗਿਆ ਹੈ। ਯੋਗ ਵਿਦਿਆਰਥੀ ਆਨਲਾਈਨ ਇਸ ਪੋਰਟਲ ਤੇ ਜਾ ਕੇ ਫ਼੍ਰੀਸ਼ਿਪ ਕਾਰਡ ਲਈ ਅਪਲਾਈ ਕਰ ਸਕਦੇ ਹਨ। ਵਿਧਾਨ ਸਭਾ ਹਲਕਾ ਸ੍ਰੀ ਹਰਗੋਬਿੰਦਪੁਰ ਦੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਨੇ 10ਵੀਂ ਤੋਂ ਬਾਅਦ ਦੀ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਬਿਨਾਂ ਦੇਰੀ ਵਜੀਫੇ ਲਈ ਅਪਲਾਈ ਕਰਨ। ਉਨ੍ਹਾਂ ਦੱਸਿਆ ਕਿ ਮੂਲ ਰੂਪ ਵਿਚ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀ, ਜਿਨਾਂ ਦੇ ਮਾਤਾ ਪਿਤਾ ਜਾਂ ਸਰਪ੍ਰਸਤਾਂ ਦੀ ਸਲਾਨਾ ਆਮਦਨ 2.5 ਲੱਖ ਰੁਪਏ ਤੋਂ ਘੱਟ ਹੈ ਤੇ ਉਹ 10ਵੀਂ ਤੋਂ ਬਾਅਦ ਵੱਖ-ਵੱਖ ਕੋਰਸਾਂ ਲਈ ਪੰਜਾਬ ਜਾਂ ਪੰਜਾਬ ਤੋਂ ਬਾਹਰ ਦੀਆਂ ਸੰਸਥਾਵਾਂ ਵਿਚ ਉਚੇਰੀ ਸਿੱਖਿਆ ਲੈਣ ਲਈ ਵਜੀਫ਼ੇ ਦੇ ਯੋਗ ਹਨ, ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਫ਼ਾਰ ਐਸ.ਸੀ. ਤਹਿਤ ਸਾਲ 2022-23 ਲਈ ਨਵੇਂ ਵਿਦਿਆਰਥੀਆਂ ਨੂੰ ਫ਼੍ਰੀਸ਼ਿਪ ਕਾਰਡ ਜਾਰੀ ਕਰਨ ਲਈ ਭਲਾਈ ਵਿਭਾਗ ਦੀ ਵੈਬ ਸਾਈਟ http://www.scholarships.punjab.gov.in ਡਾ. ਅੰਬੇਦਕਰ ਪੋਰਟਲ ਖੋਲਿਆ ਗਿਆ ਹੈ। ਵਿਧਾਇਕ ਅਮਰਪਾਲ ਸਿੰਘ ਨੇ ਦੱਸਿਆ ਕਿ ਸਕੀਮ ਦੇ ਨਿਯਮਾਂ ਤਹਿਤ ਸਿਰਫ਼ ਨਵੇਂ ਵਿਦਿਆਰਥੀ ਹੀ ਪੋਰਟਲ ਉਤੇ ਅਪਲਾਈ ਕਰ ਸਕਦੇ ਹਨ ਅਤੇ ਵਿਦਿਆਰਥੀਆਂ ਵੱਲੋਂ ਫ਼੍ਰੀਸ਼ਿਪ ਕਾਰਡ ਅਪਲਾਈ ਕਰਨ ਤੋਂ ਪਹਿਲਾਂ ਪੋਰਟਲ ’ਤੇ ਰਜਿਸਟਰਡ ਕਰਨ ਲਈ ਆਧਾਰ ਨੰਬਰ ਹੋਣਾ ਜ਼ਰੂਰੀ ਹੈ। ਉਨਾਂ ਕਿਹਾ ਕਿ ਆਨਲਾਈਨ ਅਪਲਾਈ ਕਰਨ ਸਮੇਂ ਲੋੜੀਂਦੇ ਦਸਤਾਵੇਜ਼ ਜਿਵੇਂ ਫ਼ੋਟੋ, ਜਾਤੀ ਸਰਟੀਫਿਕੇਟ, ਆਮਦਨ ਸਰਟੀਫਿਕੇਟ ਅਤੇ ਪਿਛਲੀ ਜਮਾਤ ਦਾ ਨਤੀਜਾ ਕਾਰਡ ਤੇ ਨੰਬਰ ਕਾਰਡ ਵੀ ਅਪਲੋਡ ਕੀਤੇ ਜਾਣੇ ਹਨ। ਉਨਾਂ ਦੱਸਿਆ ਕਿ ਅਪਲਾਈ ਹੋਣ ਉਪਰੰਤ ਯੋਗ ਵਿਦਿਆਰਥੀ ਆਪਣਾ ਫ਼੍ਰੀਸ਼ਿਪ ਕਾਰਡ ਡਾਊਨਲੋਡ ਕਰਕੇ ਜਿਸ ਸੰਸਥਾ ਵਿੱਚ ਦਾਖਲਾ ਲੈਣਾ ਹੈ, ਉਸ ਸੰਸਥਾ ਵਿਚ ਜਮਾਂ ਕਰਵਾਉਣਗੇ। ਉਨਾਂ ਦੱਸਿਆ ਕਿ ਫ਼੍ਰੀਸ਼ਿਪ ਕਾਰਡ ਸਬੰਧੀ ਜੇਕਰ ਕਿਸੇ ਵਿਦਿਆਰਥੀ ਨੂੰ ਕੋਈ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਉਹ ਆਪਣੀ ਤਹਿਸੀਲ ਨਾਲ ਸਬੰਧਤ ਤਹਿਸੀਲ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ ਦੇ ਦਫ਼ਤਰ ਸੰਪਰਕ ਕਰ ਸਕਦੇ ਹਨ।

ਵਿਧਾਇਕ ਅਮਰਪਾਲ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਡਾ. ਅੰਬੇਦਕਰ ਸਾਹਿਬ ਦੇ ਸਿਧਾਂਤ ’ਤੇ ਚੱਲਦੇ ਹੋਏ ਸਮਾਜ ਦੇ ਪੱਛੜੇ ਤੇ ਕਮਜ਼ੋਰ ਵਰਗਾਂ ਨੂੰ ਉੱਪਰ ਚੁੱਕਣ ਲਈ ਹਰ ਯਤਨ ਕਰੇਗੀ।



# ਸ਼ਹਿਰ ਦੇ ਬਰਸਾਤੀ ਪਾਣੀ ਦਾ ਮਸਲਾ ਹੱਲ ਹੋਣ ਦੀ ਆਸ ਬੱਝੀ

**ਜਗਰਾਉ/ਅਰਜੁਨ ਸਹਿਜਪਾਲ**

ਹਲਕੇ ਦੀਆਂ ਸਮੱਸਿਆਵਾਂ ਸਬੰਧੀ ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਵੱਲੋਂ 5 ਅਪ੍ਰੈਲ ਨੂੰ ਮੀਟਿੰਗ ਕੀਤੀ ਗਈ ਸੀ, ਪਰੰਤੂ ਅਧਿਕਾਰੀਆਂ ਦੀ ਢਿੱਲੀ ਕਾਰਗੁਜ਼ਾਰੀ ਦੇ ਚੱਲਦੇ @ਪੰਚਾਂ ਦਾ ਕਿਹਾ ਸਿਰ ਮੱਥੇ, ਪਰਨਾਲਾ ਉਥੇ ਦਾ ਉਥੇ@ ਹੋਣ ਕਾਰਨ ਸਮੱਸਿਆਵਾਂ ਜਿਉਂ ਦੀਆਂ ਤਿਉਂ ਹੀ ਸਨ। ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਵੱਲੋਂ ਇਹ ਮਾਮਲਾ ਮੁੱਖ ਮੰਤਰੀ ਪੰਜਾਬ ਦੇ ਧਿਆਨ ਵਿੱਚ ਲਿਆਂਦਾ ਅਤੇ ਮੁੱਖ ਮੰਤਰੀ ਵੱਲੋਂ ਡਿਪਟੀ ਕਮਿਸ਼ਨਰ ਲੁਧਿਆਣਾ ਸ਼ੁਰਭੀ ਮਲਿਕ ਨੂੰ ਮੀਟਿੰਗ ਕਰਨ ਲਈ ਕਿਹਾ ਗਿਆ ਅਤੇ ਅੱਜ ਡਿਪਟੀ ਕਮਿਸ਼ਨਰ ਲੁਧਿਆਣਾ ਵੱਲੋਂ ਹਲਕੇ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਦੀ ਮੰਗ ਅਨੁਸਾਰ ਸ਼ਹਿਰ ਦੇ ਕਮਲ ਚੌਂਕ ਅਤੇ ਪੁਰਾਣੀ ਦਾਣਾ ਮੰਡੀ ਵਿੱਚ ਖੜਦੇ ਬਰਸਾਤੀ ਪਾਣੀ ਦੀ ਨਿਕਾਸੀ ਲਈ ਨਾਲੇ ਅਤੇ ਡਰੇਨ ਦੀ ਸਫਾਈ ਕਰਵਾਉਣ ਅਤੇ ਨਵਾਂ ਪ੍ਰੋਜੈਕਟ ਤਿਆਰ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ। ਜਿਸ ਕਾਰਨ ਜਗਰਾਉਂ ਵਾਸੀਆਂ ਦੀ ਵੱਡੀ ਸਮੱਸਿਆ ਦੇ ਹੱਲ ਦੀ ਆਸ ਬੱਝ ਗਈ ਹੈ। ਸ਼ਹੀਦ ਭਗਤ ਸਿੰਘ ਕੰਮਿਊਨਟੀ ਹਾਲ ਦੀ ਮੁਰੰਮਤ ਕਰਨ, ਡਾ:ਬੀ.ਆਰ.ਅੰਬੇਡਕਰ ਦਾ ਚੌਂਕ ਬਣਾਕੇ ਬੁੱਤ ਲਗਾਉਣ, ਲਾਲਾ ਲਾਜਪਤ ਰਾਏ ਕੰਮਿਊਨਟੀ ਹਾਲ ਦੀ ਉਸਾਰੀ ਜ਼ਲਦੀ ਸ਼ੁਰੂ ਕਰਨ, ਮਾਤਾ ਸਵਿੱਤਰੀ ਬਾਈ ਫੂਲੇ ਯਾਦਕਾਰੀ ਲਾਇਬ੍ਰੇਰੀ ਬਨਾਉਣ, ਸ਼ਹਿਰ ਵਾਸੀਆਂ ਨੂੰ ਸਾਫ਼ ਪਾਣੀ ਦੇਣ, ਸਾਰੇ ਸਰਕਾਰੀ ਦਫਤਰਾਂ ਦੀ ਸਫਾਈ ਕਰਨ, ਬਿਮਾਰੀਆਂ ਦੇ ਫੈਲਾਅ ਤੋਂ ਰੋਕਣ ਅਤੇ ਮੱਛਰ ਮਾਰ ਦਵਾਈਆਂ ਦਾ ਛਿੜਕਾ ਕਰਨ, ਸ਼ਹਿਰ ਦੇ ਟ੍ਰੈਫਿਕ ਦੀ ਸਮੱਸਿਆ ਦਾ ਹੱਲ ਕਰਨ, ਸ਼ਹਿਰ ਦੀ ਸਫ਼ਾਈ ਅਤੇਂ ਕੂੜੇ ਦੇ ਡੰਪ ਖਤਮ ਕਰਨ, ਗਲੀਆਂ ਪੱਕੀਆਂ ਕਰਨ ਅਤੇ ਰਾਏਕੋਟ ਰੋਡ ਦੀ ਹਾਲਤ ਸੁਧਾਰਨ, ਅਖਾੜਾ ਨਹਿਰ ਤੇ ਨਵੇਂ ਬਣਨ ਵਾਲੇ ਪੁਲ ਦੀ ਉਸਾਰੀ ਸ਼ੁਰੂ ਕਰਨ ਆਦਿ ਮੰਗਾਂ ਤੇ ਵਿਚਾਰ-ਚਰਚਾ ਕੀਤੀ ਗਈ ਅਤੇ ਇੱਕ ਹਫ਼ਤੇ ਅੰਦਰ ਕੰਮ ਸ਼ੁਰੂ ਕਰਕੇ ਰਿਪੋਰਟ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ। ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਨੇ ਆਖਿਆ ਕਿ ਲੋਕਾਂ ਦੀ ਜਾਣਬੁੱਝ ਕੇ ਖੱਜਲ-ਖੁਆਰੀ ਕਰਨ ਅਤੇ ਕੰਮਾਂ ਨੂੰ ਲਮਕਾਉਣ ਵਾਲੇ ਕਿਸੇ ਵੀ ਅਧਿਕਾਰੀ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਏ.ਡੀ.ਸੀ.ਡਾ:ਨਯਨ ਜੱਸਲ, ਐਸ.ਡੀ.ਐਮ. ਵਿਕਾਸ ਹੀਰਾ, ਐਸ.ਐਸ.ਪੀ.ਦੀਪਕ ਹਿਲੋਰੀ, ਐਸ.ਪੀ.ਪ੍ਰਿਥੀਪਾਲ ਸਿੰਘ, ਡੀ.ਐਸ.ਪੀ. ਦਲਜੀਤ ਸਿੰਘ ਵਿਰਕ, ਤਹਿਸੀਲਦਾਰ ਮਨਮੋਹਣ ਕੌਸ਼ਿਕ, ਨਾਇਬ ਤਹਿਸੀਲਦਾਰ ਗੁਰਦੀਪ ਸਿੰਘ, ਈ.ਓ.ਅਸ਼ੋਕ ਕੁਮਾਰ, ਬੀ.ਡੀ.ਪੀ.ਓ.ਜਗਰਾਉਂ ਸਤਵਿੰਦਰ ਸਿੰਘ, ਇੰਜ:ਪ੍ਰਭਜੋਤ ਸਿੰਘ ਉਬਰਾਏ, ਪਰਮਜੀਤ ਸਿੰਘ ਚੀਮਾਂ, ਪ੍ਰੀਤਮ ਸਿੰਘ ਅਖਾੜਾ, ਅਮਰਦੀਪ ਸਿੰਘ ਟੂਰੇ, ਗੋਪੀ ਸ਼ਰਮਾਂ, ਸਾਜਨ ਮਲਹੋਤਰਾ, ਸੁਖਦੇਵ ਸਿੰਘ ਸ਼ੇਰਪੁਰੀ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਹਲਕੇ ਦੇ ਅਧਿਕਾਰੀ ਹਾਜ਼ਰ ਸਨ।

# ਹਲਕਾ ਸਨੌਰ ਵਿੱਚ ਹੁਣ ਹਰ ਐਤਵਾਰ ਨਹੀਂ ਖੁਲੇਗੀ ਸਨੌਰ ਰੋਡ ਉਤੇ ਸਥਿਤ ਬੜੀ ਸਬਜ਼ੀ ਮੰਡੀ:- ਅਮਨ ਕੰਬੋਜ ਪ੍ਰਧਾਨ ਸਬਜੀ ਮੰਡੀ ਆੜਤੀ ਐਸੋਸੀਏਸ਼ਨ



**ਪਟਿਆਲਾ/ਸਨੌਰ/ਇਕਬਾਲ ਸਿੰਘ**

ਹੁਣ ਹਰ ਐਤਵਾਰ ਨੂੰ ਨਹੀਂ ਖੁੱਲੇਗੀ ਵੱਡੀ ਸਬਜ਼ੀ ਮੰਡੀ ਸਨੌਰ ਰੋਡ ਅਮਨ ਕੰਬੋਜ, ਪ੍ਰਧਾਨ ਸਬਜੀ ਮੰਡੀ ਆੜਤੀ ਐਸੋਸੀਏਸ਼ਨ। ਬੀਤੇ ਦਿਨ ਸਬਜ਼ੀ ਦੇ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ ਕੰਬੋਜ ਦੁਆਰਾ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹੁਣ ਹਰ ਐਤਵਾਰ ਨੂੰ ਸਬਜ਼ੀ ਮੰਡੀ ਸਨੌਰ ਨਹੀਂ ਖੁਲੇਗੀ ਇਸ ਦੇ ਨਾਲ ਉਨ੍ਹਾਂ ਨੇ ਆਨਿਆ ਵਿਸ਼ਿਆਂ ਨੂੰ ਲੈ ਕੇ ਵਿਚਾਰ ਚਰਚਾ ਕੀਤੀ। ਇਸ ਵਾਰਤਾਲਾਪ ਦੇ ਦੌਰਾਨ ਵਰਕਰਾਂ ਵੱਲੋਂ ਕਿਹਾ ਗਿਆ ਕਿ ਅਸੀਂ ਦੋ ਦਿਨ ਆਪਣੀਆਂ ਸਬਜ਼ੀਆਂ ਇਸ ਤਰ੍ਹਾਂ ਨਹੀਂ ਰੱਖ ਸਕਦੇ ਉਹ ਮੌਸਮ ਵਿੱਚ ਤਬਦੀਲੀ ਕਾਰਨ ਖਰਾਬ ਹੋ ਜਾਣਗੀਆਂ। ਇਸ ਦੌਰਾਨ ਪ੍ਰਧਾਨ ਸਬਜੀ ਮੰਡੀ ਆੜਤੀ ਐਸੋਸੀਏਸ਼ਨ ਦੁਆਰਾ ਕਿਹਾ ਗਿਆ ਐਤਵਾਰ ਸ਼ਾਮ ਨੂੰ ਚਾਰ ਵਜੇ ਤੋਂ ਬਾਅਦ ਮਾਲ ਵੇਚ ਸਕਦੇ ਹਨ। ਸੋਮਵਾਰ ਨੂੰ ਦਿੱਲੀ ਤੋਂ ਮਾਲ ਨਹੀਂ ਭੇਜਿਆ ਜਾਂਦਾ। ਇਸ ਕਰਕੇ ਸੋਮਵਾਰ ਨੂੰ ਵਰਕਰਾਂ ਦੀ ਡਬਲ ਮੰਡੀ ਹੋਵੇਗੀ ਸੋ ਇਹਨਾਂ ਨੂੰ ਚਾਹੀਦਾ ਹੈ ਕਿ ਐਤਵਾਰ ਨੂੰ ਮਾਲ ਮੰਗਵਾ ਕੇ ਅਗਲੇ ਦਿਨ ਮੰਡੀ ਲਗਾਇਆ ਕਰਨ। ਇਸ ਨਾਲ ਇਨ੍ਹਾਂ ਦਾ ਬਹੁਤ ਫਾਇਦਾ ਹੋਵੇਗਾ ਤੇ ਕੋਈ ਨੁਕਸਾਨ ਨਹੀਂ ਹੋਵੇਗਾ। ਹਰ ਇਕ ਕੰਮ ਭਾਈਚਾਰੇ ਨਾਲ ਹੋਵੇਗਾ।

# ਅੱਗ ਦੀਆਂ ਘਟਨਾਵਾਂ ਨੂੰ ਰੋਕਣ ਲਈ ਕਣਕ ਦੇ ਨਾੜ ਨੂੰ ਅੱਗ ਬਿਲਕੁਲ ਨਾ ਲਗਾਈ ਜਾਵੇ : ਫਾਇਰ ਬ੍ਰਿਗੇਡ



**ਬਟਾਲਾ/ਸੁਖਨਾਮ ਸਿੰਘ**

ਬਟਾਲਾ ਦੀ ਫਾਇਰ ਬ੍ਰਿਗੇਡ ਤੇ ਸਿਵਲ ਡਿਫੈਂਸ ਨੇ ਸਾਂਝੇ ਤੌਰ 'ਤੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਫਸਲਾਂ ਦੇ ਰਹਿੰਦਖੂੰਦ ਨੂੰ ਅੱਗ ਬਿਲਕੁਲ ਨਾ ਲਗਾਈ ਜਾਵੇ ਕਿਉਂਕਿ ਅਜਿਹਾ ਕਰਨ ਨਾਲ ਵੱਡੀਆਂ ਅੱਗ ਦੀ ਘਟਨਾਵਾਂ ਵਿੱਚ ਬਹੁਤ ਜਿਆਦਾ ਜਾਨੀ ਮਾਲੀ ਨੁਕਸਾਨ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਨਾੜ ਨੂੰ ਅੱਗ ਲਗਾਉਣ ਨਾਲ ਜਿਥੇ ਖੇਤ ਦੀ ਉਪਜਾਊ ਸ਼ਕਤੀ ਘੱਟਦੀ ਹੈ ਓਥੇ ਇਸ ਨਾਲ ਖੇਤਾਂ ਤੇ ਸੜਕਾਂ ਕਿਨਾਰੇ ਰੁੱਖ ਸੜ ਕੇ ਸੁਆਹ ਹੋ ਜਾਂਦੇ ਹਨ ਅਤੇ ਕਈ ਵਾਰ ਰਾਹਗੀਰ ਵੀ ਇਸ ਅੱਗ ਦੀ ਲਪੇਟ ਵਿੱਚ ਆ ਜਾਂਦੇ ਹਨ।

ਫਾਇਰ ਸਟੇਸ਼ਨ ਇੰਚਾਰਚ ਸੁਰਿੰਦਰ ਸਿੰਘ ਢਿਲੋਂ, ਫਾਇਰ ਅਫ਼ਸਰ ਉਂਕਾਰ ਸਿੰਘ ਤੇ ਨੀਰਜ਼ ਸ਼ਰਮਾਂ, ਪੋਸਟ ਵਾਰਡਨ ਹਰਬਖਸ਼ ਸਿੰਘ ਤੇ ਲੈਕਚਰਾਰ ਜਸਬੀਰ ਸਿੰਘ ਅਤੇ ਸਿਵਲ ਡਿਫੈਂਸ ਵਲੰਟੀਅਰਜ਼ ਵੱਲੋਂ ਅੱਜ ਸਥਾਨਕ ਫਾਇਰ ਸਟੇਸ਼ਨ ਵਿਖੇ ਮੀਟਿੰਗ ਕੀਤੀ ਅਤੇ ਅੱਗ ਦੀ ਘਟਨਾਵਾਂ ਉੱਤੇ ਕਾਬੂ ਪਾਉਣ ਬਾਰੇ ਵਿਚਾਰ ਕੀਤੀ ਗਈ। ਫਾਇਰ ਸਟੇਸ਼ਨ ਇੰਚਾਰਚ ਸੁਰਿੰਦਰ ਸਿੰਘ ਢਿਲੋਂ ਨੇ ਦੱਸਿਆ ਕਿ ਬਟਾਲਾ ਫਾਇਰ ਬ੍ਰਿਗੇਡ ਨੂੰ ਰੋਜ਼ਾਨਾ 10-13 ਦੇ ਕੀਰਬ ਫਾਇਰ ਕਾਲਾਂ ਆ ਰਹੀਆਂ ਹਨ ਅਤੇ ਉਨ੍ਹਾਂ ਦੀ ਟੀਮ ਵੱਲੋਂ ਬਿਨ੍ਹਾਂ ਸਮਾਂ ਗੁਆਏ ਤੁਰੰਤ ਅੱਗ ਉੱਪਰ ਕਾਬੂ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਦੇਖਣ ਵਿੱਚ ਆਇਆ ਹੈ ਕਿ ਜਦੋਂ ਫਾਇਰ ਬ੍ਰਿਗੇਡ ਦੇ ਕਰਮੀ ਆਪਣੀ ਜਾਨ 'ਤੇ ਖੇਡ ਕੇ ਅੱਗ ਉੱਪਰ ਕਾਬੂ ਪਾ ਰਹੇ ਹੁੰਦੇ ਹਨ ਤਾਂ ਕੁਝ ਲੋਕ ਸਹਿਯੋਗ ਕਰਨ ਦੀ ਥਾਂ ਫਾਇਰ ਫਾਈਟਰਾਂ ਦੇ ਕੰਮ ਵਿੱਚ ਰੁਕਾਵਟ ਪਾਉਂਦੇ ਹਨ ਜੋ ਕਿ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਅੱਗ ਬੁਝਾਉਣ ਸਮੇਂ ਲੋਕਾਂ ਨੂੰ ਫਾਇਰ ਫਾਈਟਰਾਂ ਦੀ ਸਲਾਹ ਅਨੁਸਾਰ ਸਹਾਇਤਾ ਕਰਨੀ ਚਾਹੀਦੀ ਹੈ ਤਾਂ ਜੋ ਨੁਕਸਾਨ ਨੂੰ ਘੱਟ ਕੀਤਾ ਜਾ ਸਕੇ। ਉਨ੍ਹਾਂ ਲੋਕਾਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਅੱਗ ਤੋਂ ਬਚਾਅ ਕਰਨ ਦੇ ਗੁਰ ਸਿੱਖਣ ਅਤੇ ਆਪਣੀ ਅਤੇ ਸਮਾਜ ਦੀ ਸੇਫਟੀ ਲਈ ਕੰਮ ਕਰਨ। ਇਸ ਮੌਕੇ ਪੋਸਟ ਵਾਰਡਨ ਹਰਬਖਸ਼ ਸਿੰਘ ਨੇ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਸੜਕਾਂ ਕਿਨਾਰੇ ਆਪਣਾ ਸਮਾਨ ਨਾ ਰੱਖਣ ਤਾਂ ਜੋ ਐਮਰਜੈਂਸੀ ਵਾਹਨ ਬਿਨ੍ਹਾਂ ਕਿਸੇ ਰੁਕਾਵਟ ਦੇ ਮੌਕੇ 'ਤੇ ਪਹੁੰਚ ਸਕਣ। ਇਸ ਮੌਕੇ ਫਾਇਰ ਸੇਫਟੀ ਇੰਸੀਚਿਊਟ ਵਲੋਂ ਫਾਇਰ ਫਾਈਟਰਾਂ ਦਾ ਮਾਣ ਸਤਿਕਾਰ ਕਰਦੇ ਹੋਏ ਉਹਨਾਂ ਦੀਆਂ ਸੇਵਾਵਾ ਬਦਲੇ ਟੀ ਸ਼ਰਟਾਂ ਤੇ ਪੈਨ ਭੇਟ ਕੀਤੇ ਗਏ।

# ਪੰਚਾਇਤ ਵਿਭਾਗ ਤੇ ਮੱਛੀ ਪਾਲਣ ਵਿਭਾਗ ਮਿਲ ਕੇ ਪਿੰਡਾਂ ਦੇ ਛੱਪੜਾਂ ਵਿੱਚ ਮੱਛੀ ਪਾਲਣ ਦਾ ਕਿੱਤਾ ਸ਼ੁਰੂ ਕਰਨ ਦੇ ਪ੍ਰੋਜੈਕਟ 'ਤੇ ਕੰਮ ਕਰਨਗੇ



**ਬਟਾਲਾ/ਸੁਖਨਾਮ ਸਿੰਘ:-** ਵਿਧਾਨ ਸਭਾ ਹਲਕਾ ਬਟਾਲਾ ਦੇ ਵਿਧਾਇਕ ਸ੍ਰੀ ਅਮਨ ਸ਼ੇਰ ਸਿੰਘ ਕਲਸੀ ਨੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਅਤੇ ਮੱਛੀ ਪਾਲਣ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਸਾਂਝੇ ਤੌਰ 'ਤੇ ਪਿੰਡਾਂ ਦੇ ਛੱਪੜਾਂ ਨੂੰ ਮੱਛੀ ਪਾਲਣ ਲਈ ਵਿਕਸਤ ਕਰਨ ਦੀ ਯੋਜਨਾ ਤਿਆਰ ਕਰਨ ਤਾਂ ਜੋ ਪੰਚਾਇਤਾਂ ਦੀ ਆਮਦਨ ਵਧਾਉਣ ਦੇ ਨਾਲ ਨੌਜਵਾਨਾਂ ਨੂੰ ਇਸ ਖੇਤਰ ਵਿੱਚ ਰੁਜ਼ਗਾਰ ਦਿੱਤਾ ਜਾ ਸਕੇ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਛੱਪੜਾਂ ਨੂੰ ਮੱਛੀ ਪਾਲਣ ਦੀ ਵਰਤੋਂ ਵਿੱਚ ਲਿਆਉਣ ਦੀਆਂ ਬਹੁਤ ਸ਼ਾਨਦਾਰ ਸੰਭਾਵਨਾਵਾਂ ਅਤੇ ਪੰਜਾਬ ਸਰਕਾਰ ਵੱਲੋਂ ਇਸ ਖੇਤਰ ਵਿੱਚ ਕੰਮ ਕੀਤਾ ਜਾਵੇਗਾ।

ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਬਹੁਤ ਸਾਰੇ ਪਿੰਡਾਂ ਵਿੱਚ ਥਾਪਰ ਮਾਡਲ ਤਹਿਤ ਛੱਪੜ ਵਿਕਸਤ ਕੀਤੇ ਗਏ ਹਨ ਅਤੇ ਕਈ ਪਿੰਡਾਂ ਵਿੱਚ ਛੱਪੜ ਬਹੁਤ ਵੱਡੇ ਹਨ ਅਤੇ ਉਨ੍ਹਾਂ ਵਿਚ ਪਾਣੀ ਵੀ ਹੈ। ਅਜਿਹੇ ਛੱਪੜਾਂ ਵਿੱਚ ਅਸਾਨੀ ਨਾਲ ਮੱਛੀ ਪਾਲਣ ਦਾ ਕਿੱਤਾ ਸ਼ੁਰੂ ਕੀਤਾ ਜਾ ਸਕਦਾ ਹੈ। ਉਨ੍ਹਾਂ ਦੋਵਾਂ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਬਟਾਲਾ ਬਲਾਕ ਦੇ ਪਿੰਡਾਂ ਦੇ ਛੱਪੜਾਂ ਦੀ ਵਿਸ਼ੇਸ਼ ਰਿਪੋਰਟ ਤਿਆਰ ਕਰਨ ਅਤੇ ਜਲਦ ਤੋਂ ਜਲਦ ਇਸ ਪ੍ਰੋਜੈਕਟ ਨੂੰ ਹਕੀਕਤ ਵਿੱਚ ਬਦਲਣ। ਵਿਧਾਇਕ ਸ੍ਰੀ ਕਲਸੀ ਨੇ ਕਿਹਾ ਕਿ ਪਿੰਡਾਂ ਦੇ ਛੱਪੜਾ ਵਿੱਚ ਮੱਛੀ ਪਾਲਣ ਦਾ ਕਿੱਤਾ ਸ਼ੁਰੂ ਹੋਣ ਨਾਲ ਪੰਚਾਇਤਾਂ ਦੀ ਆਮਦਨ ਵਿੱਚ ਵਾਧਾ ਹੋਵੇਗਾ ਅਤੇ ਪੰਚਾਇਤਾਂ ਇਸ ਆਮਦਨ ਨਾਲ ਪਿੰਡਾਂ ਦਾ ਵਿਕਾਸ ਖੁਦ ਕਰ ਸਕਣਗੀਆਂ। ਇਸ ਤੋਂ ਇਲਾਵਾ ਨੌਜਵਾਨਾਂ ਨੂੰ ਵੀ ਰੁਜ਼ਗਾਰ ਮਿਲੇਗਾ। ਉਨ੍ਹਾਂ ਕਿਹਾ ਕਿ ਬਟਾਲਾ ਹਲਕੇ ਦੇ ਪਿੰਡਾਂ ਵਿੱਚ ਇਸ ਪ੍ਰੋਜੈਕਟ ਨੂੰ ਨੇਪਰੇ ਚਾੜਿਆ ਜਾਵੇ ਤਾਂ ਜੋ ਪੂਰੇ ਪੰਜਾਬ ਲਈ ਮਿਸਾਲ ਬਣ ਸਕੇ।

# ਵਿਧਾਇਕ ਭੋਲਾ ਵਲੋਂ ਲੁਧਿਆਨਾ ਸ਼ਹਿਰ ਦੇ ਸੰਵੇਦਨਸ਼ੀਲ ਮੁੱਦਿਆ ਬਾਰੇ ਡਿਪਟੀ ਕਮਿਸ਼ਨਰ ਨਾਲ ਖ਼ਾਸ ਮੁਲਾਕਾਤ



**ਲੁਧਿਆਣਾ/ਸੁਖਚੈਨ ਮਹਿਰਾ, ਰਾਜੇਸ਼ ਕੁਮਾਰ**

ਹਲਕਾ ਲੁਧਿਆਣਾ (ਪੂਰਬੀ) ਦੇ ਵਿਧਾਇਕ ਸ. ਦਲਜੀਤ ਸਿੰਘ ਗਰੇਵਾਲ (ਭੋਲਾ) ਨੇ ਅੱਜ ਡਿਪਟੀ ਕਮਿਸ਼ਨਰ ਸ੍ਰੀਮਤੀ ਸੁਰਭੀ ਮਲਿਕ ਨਾਲ ਜ਼ਿਲ੍ਹਾ ਲੁਧਿਆਣਾ ਨਾਲ ਸਬੰਧਤ ਸੰਵੇਦਨਸ਼ੀਲ ਮੁੱਦਿਆਂ @ਤੇ ਵਿਚਾਰ ਵਟਾਂਦਰੇ ਕੀਤੇ। ਡਿਪਟੀ ਕਮਿਸ਼ਨਰ ਵੱਲੋਂ ਵੀ ਹਰ ਸੰਭਵ ਸਹਿਯੋਗ ਦਾ ਭਰੋਸਾ ਦਿੱਤਾ ਗਿਆ। ਵਿਧਾਇਕ ਭੋਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੀਟਿੰਗ ਦੌਰਾਨ ਉਨ੍ਹਾਂ ਡਿਪਟੀ ਕਮਿਸ਼ਨਰ ਸ੍ਰੀਮਤੀ ਸੁਰਭੀ ਮਲਿਕ ਦੇ ਧਿਆਨ ਵਿੱਚ ਲਿਆਂਦਾ ਕਿ ਆਮ ਜਨਤਾ ਸਰਕਾਰੀ ਦਫ਼ਤਰਾਂ ਵਿੱਚ ਖੱਜਲ-ਖੁਆਰ ਹੋ ਰਹੀ ਹੈ। ਉਨ੍ਹਾ ਦੱਸਿਆ ਕਿ ਬਿੱਜਲੀ ਦੇ ਮੀਟਰਾਂ ਅਤੇ ਰਜਿਸ਼ਟਰੀਆਂ ਲਈ ਐਨ.ਓ.ਸੀ. ਸਬੰਧੀ ਲੋਕ ਦਫ਼ਤਰਾਂ ਵਿੱਚ ਧੱਕੇ ਖਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪਟਵਾਰਖਾਨਿਆਂ ਵਿੱਚ ਵੀ ਆਮ ਲੋਕਾਂ ਦੀ ਸੁਣਵਾਈ ਨਹੀਂ ਹੋ ਰਹੀ। ਵਿਧਾਇਕ ਵੱਲੋਂ ਡਿਪਟੀ ਕਮਿਸ਼ਨਰ ਨੂੰ ਇਹ ਵੀ ਅਪੀਲ ਕੀਤੀ ਗਈ ਕਿ ਟਿੱਬਾ ਰੋਡ @ਤੇ ਲੱਗੇ ਕੂੜੇ ਦੇ ਢੇਰ ਦਾ ਵੀ ਢੁੱਕਵਾਂ ਹੱਲ ਕੱਢਿਆ ਜਾਵੇ ਜਿੱਥੇ ਬੀਤੇ ਦਿਨੀ ਇੱਕ ਪੂਰਾ ਪ੍ਰਵਾਸੀ ਪਰਿਵਾਰ ਅੱਗ ਦੀ ਭੇਂਟ ਚੜ੍ਹ ਗਿਆ। ਉਨ੍ਹਾਂ ਬੁੱਢੇ ਨਾਲੇ ਨਾਲ ਸਬੰਧਤ ਵੱਖ-ਵੱਖ ਸਮੱਸਿਆਵਾਂ ਤੋਂ ਵੀ ਜਾਣੂੰ ਕਰਵਾਇਆ। ਇਸ ਤੋਂ ਇਲਾਵਾ ਉਨ੍ਹਾਂ ਕਈ ਹੋਰ ਵਿਕਾਸ ਸਬੰਧੀ ਮੁੱਦੇ ਵੀ ਡਿਪਟੀ ਕਮਿਸ਼ਨਰ ਕੋਲ ਚੁੱਕੇ। ਡਿਪਟੀ ਕਮਿਸ਼ਨਰ ਸ੍ਰੀਮਤੀ ਸੁਰਭੀ ਮਲਿਕ ਵਲੋਂ ਵੀ ਵਿਧਾਇਕ ਭੋਲਾ ਨੂੰ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਗਿਆ ਅਤੇ ਕਿਹਾ ਹੈ ਕਿ ਜਲਦ ਹੀ ਸ਼ਹਿਰ ਵਾਸੀਆਂ ਦੇ ਵੱਖ-ਵੱਖ ਸੰਵੇਦਨਸ਼ੀਲ ਮੁੱਦਿਆਂ ਦਾ ਢੁੱਕਵਾਂ ਹੱਲ ਕੱਢਿਆ ਜਾਵੇਗਾ।

# ਕੇ. ਐਸ. ਐਮ. ਪਬਲਿਕ ਸਕੂਲ ਗੜ੍ਹਸ਼ੰਕਰ ਰੋਡ, ਨਵਾਂਸ਼ਹਿਰ ਵਿਖੇ 60 ਤੋਂ ਵੱਧ ਦੇ ਲੱਗੀ ਕੋਵਿਡ ਰੋਕੂ ਵੈਕਸੀਨ



ਪ੍ਰਿੰਸੀਪਲ ਸ਼ੰਤੋਸ਼ ਬੋਪਾਰਾਏ ਨੇ ਕੋਵਿਡ-19 ਦੀ ਬਿਮਾਰੀ ਨੂੰ ਜੜ੍ਹ ਤੋਂ ਖਤਮ ਕਰਨ ਲਈ 13 ਸਾਲ ਤੋਂ ਉੱਪਰ ਹਰ ਵਿਅਕਤੀ ਨੂੰ ਕੋਵਿਡ ਰੋਕੂ ਵੈਕਸੀਨ ਲਗਵਾਉਣ ਦੀ ਅਪੀਲ ਕੀਤੀ ,ਕੇ. ਐਸ. ਐਮ. ਪਬਲਿਕ ਸਕੂਲ ਗੜ੍ਹਸ਼ੰਕਰ ਰੋਡ, ਨਵਾਂਸ਼ਹਿਰ ਵਿਖੇ 60 ਤੋਂ ਵੱਧ ਦੇ ਲੱਗੀ ,ਕੋਵਿਡ ਰੋਕੂ ਵੈਕਸੀਨ ਦੇ ਲਾਭਾ ਤੋ ਵੀ ਜਾਣੂ ਕਰਵਾਇਆ ਗਿਆ।ਇਸ ਮੌਕੇ ਪ੍ਰਿੰਸੀਪਲ ਸ਼ੰਤੋਸ਼ ਬੋਪਾਰਾਏ, ਅਮਰਜੀਤ ਸਿੰਘ ਖਾਲਸਾ, ਗੁਰਦਰਸ਼ਨ ਸੰਧੂ ($♦8➡), ਕਾਂਤਾ ਆਸ਼ਾ ਵਰਕਰ, ਮਨਜੀਤ ਆਸ਼ਾ ਵਰਕਰ, ਚਰਨਜੋਤ ਸਿੰਘ, ਮਨਜੀਤ ਸਿੰਘ,ਸੁਰਜੀਤ ਸਿੰਘ, ਜੱਸ ਸੈਣੀ, ਕੰਵਲਦੀਪ ਸਿੰਘ, ਪਰਮਿੰਦਰ ਕੌਰ, ਆਰਤੀ, ਅਮਰਜੀਤ ਕੌਰ, ਹਰਪ੍ਰੀਤ ਕੌਰ, ਸਾਹਿਬਾ, ਗੀਤਾਂਜਲੀ, ਰਜਨੀ, ਜਸਪ੍ਰੀਤ ਕੌਰ, ਸਿਮਰਨ, ਸ਼ਬਾਨਾ ਪ੍ਰਵੀਨ, ਮਨਦੀਪ ਕੌਰ ਅਤੇ ਨਰਿੰਦਰ ਕੌਰ ਆਦਿ ਹਾਜ਼ਰ ਸਨ।

# ਅਸਟਾਬੇਰੀ ਨੇ ਨਿੱਜੀ ਦੇਖਭਾਲ ਉਤਪਾਦ ਦੀ ਰੇਂਜ ਦਾ ਵਿਸਤਾਰ ਕੀਤਾ, ਅਭਿਨੇਤਰੀ ਮੌਨੀ ਰਾਏ ਆਈਕਿਨ ਹੇਅਰ ਰਿਮੂਵਰ ਕ੍ਰੀਮ ਦੀ ਅੰਬੈਸਡਰ ਨਿਯੁਕਤ




**ਚੰਡੀਗੜ੍ਹ/ਲੋਕ ਬਾਣੀ**

ਭਾਰਤ ਵਿੱਚ ਉੱਨਤ ਪਰਸਨਲ ਕੇਅਰ ਮੈਨੂਫੈਕਚਰਿੰਗ ਕੰਪਨੀ ਆਈਵੀਆ ਬਿਊਟੀ ਨੇ ਇਸਦੇ ਫਲੈਗਸ਼ਿਪ ਬ੍ਰਾਂਡ ਅਸਟਾਬੇਰੀ ਅਤੇ ਆਈਕਿਨ ਦੇ ਨਾਲ, ਹਾਲ ਹੀ ਵਿੱਚ ਹੇਅਰ ਰਿਮੂਵਲ ਕਰੀਮ ਅਤੇ ਵਾਈਨ ਫੇਸ਼ੀਅਲ ਕਿੱਟਾਂ ਦੀ ਨਵੀਂ ਉਤਪਾਦ ਰੇਂਜ ਲਾਂਚ ਕੀਤੀ ਹੈ। ਆਯੁਰਵੇਦ ਤੋਂ ਪ੍ਰੇਰਿਤ, ਇਸ ਰੇਂਜ ਵਿੱਚ ਵਾਲ ਹਟਾਉਣ ਵਾਲੀ ਕਰੀਮ, ਫੇਸ ਵਾਸ਼, ਸਨਸਕ੍ਰੀਨ, ਘਰੇਲੂ ਚਿਹਰੇ ਦੀਆਂ ਕਿੱਟਾਂ, ਪਿਆਜ਼ ਦਾ ਤੇਲ ਅਤੇ ਸ਼ੈਂਪੂ ਸ਼ਾਮਲ ਹਨ। ਇਸ ਕੜੀ ਵਿੱਚ, ਮਸ਼ਹੂਰ ਅਦਾਕਾਰਾ ਅਤੇ ਮਾਡਲ ਮੌਨੀ ਰਾਏ ਨੂੰ ਆਈਕਿਨ ਹੇਅਰ ਰਿਮੂਵਰ ਕ੍ਰੀਮ ਦੀ ਬ੍ਰਾਂਡ ਅੰਬੈਸਡਰ ਵਜੋਂ ਸਾਈਨ ਕੀਤਾ ਗਿਆ ਹੈ। ਆਈਵੀਆ ਬਿਊਟੀ, ਭੀਮਸੈਨੀ ਗਰੁੱਪ ਦਾ ਇੱਕ ਉੱਦਮ, 1950 ਦੇ ਦਹਾਕੇ ਤੋਂ ਮਸਕਰਾ ਉਦਯੋਗ ਵਿੱਚ ਇੱਕ ਮੋਹਰੀ ਰਿਹਾ ਹੈ ਅਤੇ ਕੁਦਰਤੀ ਚਮੜੀ ਦੀ ਦੇਖਭਾਲ, ਸਿਹਤ ਦੇਖਭਾਲ ਅਤੇ ਅੱਖਾਂ ਦੀ ਦੇਖਭਾਲ ਦੇ ਉਤਪਾਦਾਂ ਦੀ ਇੱਕ ਪ੍ਰਮੁੱਖ ਨਿਰਮਾਤਾ ਅਤੇ ਵਿਤਰਕ ਹੈ, ਜਿਸ ਦੁਆਰਾ ਭਾਰਤੀ ਦੇ ਨਾਲ-ਨਾਲ ਗਲੋਬਲ ਮਾਰਕੀਟ ਤੱਕ ਪਹੁੰਚ ਕੀਤੀ ਜਾਂਦੀ ਹੈ। ਜਾਣਕਾਰੀ ਸਾਂਝੀ ਕਰਦੇ ਹੋਏ, ਸ਼੍ਰੀਮਾਨ ਅਚਲ ਆਰੀਆ, ਡਾਇਰੈਕਟਰ, ਆਈਵੀਆ ਬਿਊਟੀ ਪ੍ਰਾਈਵੇਟ ਲਿਮਟਿਡ ਨੇ ਕਿਹਾ, ਚਮੜੀ ਦੀ ਦੇਖਭਾਲ ਕਰਨਾ ਰੋਜ਼ਾਨਾ ਦੀ ਰਸਮ ਦੀ ਤਰ੍ਹਾਂ ਹੈ ਅਤੇ ਕੁਦਰਤ ਦੇ ਚੰਗੇ ਗੁਣਾਂ ਦਾ ਹੋਣਾ ਬਹੁਤ ਮਹੱਤਵਪੂਰਨ ਹੈ ਅਤੇ ਸਾਡੀ ਬ੍ਰਾਂਡ ਅੰਬੈਸਡਰ ਮੌਨੀ ਰਾਏ ਤੋਂ ਸ਼ੁਰੂਆਤ ਕੀਤੀ ਗਈ ਹੈ। ਅਸਟਾਬੇਰੀ ਉਤਪਾਦ ਆਯੁਰਵੇਦ ਦੀ ਚੰਗਿਆਈ ਨਾਲ ਭਰਪੂਰ ਹੁੰਦੇ ਹਨ, ਸਾਡਾ ਪ੍ਰਾਚੀਨ ਭਾਰਤੀ ਵਿਗਿਆਨ ਕਿਰਿਆਸ਼ੀਲ ਕੁਦਰਤੀ ਤੱਤਾਂ @ਤੇ ਅਧਾਰਤ ਹੈ ਜੋ ਆਧੁਨਿਕ ਫਾਰਮੂਲੇ ਅਤੇ ਵਿਲੱਖਣ ਖੁਸ਼ਬੂਆਂ ਨਾਲ ਜੋੜਿਆ ਗਿਆ ਹੈ। ਨਵੀਂ ਲਾਂਚ ਕੀਤੀ ਅਸਟਾਬੇਰੀ ਵਾਈਨ ਫੇਸ਼ੀਅਲ ਕਿੱਟ ਅਤੇ ਵਾਈਨ ਫੇਸ ਵਾਸ਼ ਮਿਲਨਿਅਲਜ਼ ਅਤੇ ਸੈਲੂਨ ਮਾਲਕਾਂ ਦੋਵਾਂ ਵਿੱਚ ਇੱਕੋ ਜਿਹੇ ਤੌਰ @ਤੇ ਪ੍ਰਸਿੱਧ ਹੋ ਰਹੇ ਹਨ।

# ਆਂਗਣਵਾੜੀ ਮੁਲਾਜ਼ਮ ਆਗੂ ਕੁਲਵੰਤ ਕੌਰ ਨੀਲੋਂ ਨੇ ਸੈਂਟਰ ਦੇ ਬੱਚਿਆਂ ਨਾਲ ਮਨਾਇਆ ਆਪਣਾ ਜਨਮ ਦਿਨ



**ਮਾਛੀਵਾੜਾ ਸਾਹਿਬ/ਭੂਸ਼ਨ ਬਾਂਸਲ/ਸੁਨੀਲ ਅਗਰਵਾਲ**

ਆਂਗਣਵਾੜੀ ਮੁਲਾਜ਼ਮ ਯੂਨੀਅਨ ਦੀ ਸੀਨੀਅਰ ਆਗੂ ਕੁਲਵੰਤ ਕੌਰ ਨੀਲੋਂ ਨੇ ਅੱਜ ਆਪਣਾ ਜਨਮ ਦਿਨ ਆਪਣੇ ਆਂਗਣਵਾੜੀ ਸੈਂਟਰ ਬੱਚਿਆਂ ਤੇ ਸਟਾਫ਼ ਨਾਲ ਰਲ ਮਿਲ ਕੇ ਮਨਾਇਆ। ਇਸ ਮੌਕੇ ਉਨ੍ਹਾਂ ਬੱਚਿਆਂ ਨੂੰ ਕਾਪੀਆਂ, ਪੈਨਸਲਾਂ ਚੌਕਲੇਟ ਆਦਿ ਵੰਡਕੇ ਉਹਨਾਂ ਨਾਲ ਖੁਸ਼ੀ ਸਾਂਝੀ ਕੀਤੀ।ਉਸ ਮੌਕੇ ਸਰਕਾਰੀ ਪ੍ਰਾਇਮਰੀ ਸਕੂਲ ਨੰਬਰ 1 ਦੇ ਇੰਚਾਰਜ ਪਰਦੀਪ ਕੁਮਾਰ ਕੁੰਦਰਾ,ਸੁਸ਼ਮਾ ਰਾਣੀ,ਮੀਨਾ ਪਰਾਸ਼ਰ,ਸੋਨੂੰ,ਜਸਬੀਰ ਕੌਰ ਡੌਲੀ, ਚਰਨਜੀਤ ਕੌਰ ਸਰਬਜੀਤ ਕੌਰ ਅਤੇ ਗੁਰਪ੍ਰੀਤ ਕੌਰ ਆਦਿ ਹਾਜ਼ਰ ਸਨ।

# ਪਿੰਡ ਹੇਡੋਂ ਵਿਖੇ ਬਾਬਾ ਜਗਦੀਸ਼ ਦਾਸ ਦੀ 21ਵੀਂ ਬਰਸੀ ਮਨਾਈ ਗਈ





**ਸਮਰਾਲਾ/ਭੂਸ਼ਨ ਬਾਂਸਲ ਸੁਨੀਲ ਅਗਰਵਾਲ**

ਇੱਥੋਂ ਨਜਦੀਕੀ ਪਿੰਡ ਹੇਡੋਂ ਦੇ ਡੇਰਾ ਬਾਬਾ ਮਨੋਹਰ ਦਾਸ ਵਿਖੇ ਡੇਰੇ ਦੇ ਮੁੱਖੀ ਰਹਿ ਚੁੱਕੇ ਬਾਬਾ ਜਗਦੀਸ਼ ਦਾਸ ਦੀ 21ਵੀਂ ਬਰਸੀ ਪਿੰਡ ਹੇਡੋਂ ਦੇ ਸ਼ਿਵ ਮੰਦਿਰ (ਸ਼ਿਵਦਿਆਲਾ) ਵਿਖੇ ਬਾਬਾ ਰਘੂ ਨਾਥ ਦਾਸ ਦੀ ਅਗਵਾਈ ਹੇਠ ਮਨਾਈ ਗਈ। ਇਸ ਮੌਕੇ ਬਾਬਾ ਰਘੂ ਨਾਥ ਦਾਸ ਦੀ ਰਹਿਨੁਮਾਈ ਹੇਠ ਪਿੰਡ ਵਾਸੀਆਂ ਨੇ ਡੇਰਾ ਬਾਬਾ ਮਨੋਹਰ ਦਾਸ ਵਿਖੇ ਬਾਬਾ ਜਗਦੀਸ਼ ਦਾਸ ਦੀ ਮੂਰਤੀ ਨੂੰ ਇਸ਼ਨਾਨ ਕਰਵਾਇਆ ਗਿਆ ਅਤੇ ਨਵੇਂ ਵਸਤਰ ਪਹਿਨਾਏ ਗਏ, ਧੂਫ ਬੱਤੀ ਕਰਕੇ ਭੋਗ ਵੀ ਲਵਾਇਆ ਗਿਆ। ਇਸ ਉਪਰੰਤ ਡੇਰੇ ਅੰਦਰ ਸਾਰੀਆਂ ਮੂਰਤੀਆਂ ਅੱਗੇ ਸ਼ਰਧਾ ਨਾਲ ਮੱਥਾ ਟੇਕਿਆ ਗਿਆ। ਇਸ ਉਪਰੰਤ ਸ਼ਿਵ ਮੰਦਿਰ ਵਿਖੇ ਰਮਾਇਣ ਪਾਠ ਦੇ ਭੋਗ ਪਾਏ ਗਏ ਅਤੇ ਸੰਗਤਾਂ ਲਈ ਚਾਹ ਪਕੌੜੇ, ਜਲੇਬੀਆਂ, ਪੂਰੀ ਛੋਲਿਆਂ ਦੇ ਲੰਗਰ ਲਗਾਏ ਗਏ। ਇਸ ਮੌਕੇ ਆਈਆਂ ਸੰਗਤਾਂ ਨੇ ਸ਼ਰਧਾ ਨਾਲ ਮੱਥਾ ਟੇਕਿਆ। ਆਈਆਂ ਸੰਗਤਾਂ ਨੇ ਲੰਗਰ ਛਕਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਾਬਾ ਸਵਰਾਜਪੁਰੀ (ਸੇਬਾ ਬਾਬਾ), ਸੁਨੀਲ ਰਾਣਾ, ਕਰਨ ਸਿੰਘ, ਜਗਦੀਸ਼ ਰਾਣਾ, ਅਵਤਾਰ ਸਿੰਘ, ਨਿਰਭੈ ਸਿੰਘ, ਬਲਵੀਰ ਸਿੰਘ, ਜੱਗੀ ਰਾਣਾ, ਮਿੱਤਰਪਾਲ ਰਾਣਾ, ਰਾਮਵੀਰ, ਇਮਰਾਜ, ਬਾਵਾ ਸਿੰਘ, ਮੋਹਣ ਸਿੰਘ, ਅਵਤਾਰ ਸਿੰਘ ਆਦਿ ਤੋਂ ਇਲਾਵਾ ਸਮੂਹ ਨਗਰ ਨਿਵਾਸੀ ਅਤੇ ਇਲਾਕੇ ਦੇ ਵੱਡੀ ਗਿਣਤੀ ਵਿੱਚ ਆਏ ਸ਼ਰਧਾਲੂ ਸ਼ਾਮਲ ਸਨ। ਇਸ ਤੋਂ ਇਲਾਵਾ ਡੇਰਾ ਬਾਬਾ ਮਨੋਹਰ ਦਾਸ ਵਿਖੇ ਵਿੱਚ ਬਾਬਾ ਜਗਦੀਸ਼ ਦਾਸ ਦੀ ਬਰਸੀ ਵੀ ਮਨਾਈ ਗਈ।

# 100 ਟਰਾਲੀ ਤੂੜੀ ਅਤੇ 20 ਏਕੜ ਨਾੜ ਅੱਗ ਲੱਗਣ ਨਾਲ ਸੜ ਕੇ ਹੋਇਆ ਸਵਾਹ



**ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਸਥਾਨਕ ਸ਼ਹਿਰ ਤੋਂ ਥੋੜ੍ਹੀ ਦੂਰ ਢੋਲੇਵਾਲਾ ਰੋੜ ਸੂਏ ਦੇ ਨਜ਼ਦੀਕ ਬਿਜਲੀ ਦੇ ਸ਼ਾਰਟ ਸਰਕਟ ਨਾਲ ਲੱਗੀ ਅੱਗ ਕਾਰਨ 100ਟਰਾਲੀ ਤੂੜੀ ਅਤੇ 20ਏਕੜ ਨਾੜ ਸੜ ਕੇ ਸੁਆਹ ਹੋਣ ਦੀ ਖ਼ਬਰ ਪ੍ਰਾਪਤ ਹੋਈ ਹੈ ਜਾਣਕਾਰੀ ਅਨੁਸਾਰ ਅੱਜ ਦੁਪਹਿਰ 11 ਵਜੇ ਦੇ ਕਰੀਬ ਤਾਰਾਂ ਵਿਚੋਂ ਨਿਕਲੀ ਚੰਗਿਆੜੀ ਕਾਰਨ ਨਾੜ ਨੂੰ ਅੱਗ ਲੱਗ ਗਈ। ਜਿਸ ਦੇ ਹਰਜਿੰਦਰ ਸਿੰਘ ਪੁੱਤਰ ਚਰਨ ਸਿੰਘ ਵਾਸੀ ਧਰਮਕੋਟ ਵੱਲੋਂ ਇਕੱਤਰ ਕੀਤੀ ਗਈ ਤੂੜੀ ਨੂੰ ਵੀ ਅੱਗ ਪੈ ਗਈ ਜਿਸ ਤੇ ਲੋਕਾਂ ਵੱਲੋਂ ਫਾਇਰਬ੍ਰਿਗੇਡ ਮੋਗਾ ਨੂੰ ਸੂਚਿਤ ਕੀਤਾ ਗਿਆ ਇਕੱਤਰ ਹੋਏ ਲੋਕਾਂ ਅਤੇ ਫਾਇਰ ਬ੍ਰਿਗੇਡ ਵੱਲੋਂ ਬੜੀ ਜੱਦੋਜਹਿਦ ਨਾਲ ਇਸ ਅੱਗ ਤੇ ਕਾਬੂ ਪਾਇਆ ਗਿਆ ਇਸ ਮੌਕੇ ਗੱਲਬਾਤ ਕਰਦਿਆਂ ਹਰਜਿੰਦਰ ਸਿੰਘ ਪੁੱਤਰ ਚਰਨ ਸਿੰਘ ਵਾਸੀ ਧਰਮਕੋਟ ਨੇ ਦੱਸਿਆ ਕਿ ਉਸਦੀ 100ਟਰਾਲੀ ਦੇ ਕਰੀਬ ਇਕੱਤਰ ਕੀਤੀ ਤੂੜੀ ਸੜ ਕੇ ਸੁਆਹ ਹੋ ਗਈ ਹੈ ਗਮਦੂਰ ਸਿੰਘ ਨੇ ਦੱਸਿਆ ਕੀ ਉਸ ਦਾ 20 ਏਕੜ ਨਾੜ ਵੀ ਇਸ ਅੱਗ ਦੀ ਭੇਟ ਚੜ ਗਿਆ ਇਸ ਅੱਗ ਦੀ ਖਬਰ ਮਿਲਦਿਆਂ ਹੀ ਤਹਿਸੀਲਦਾਰ ਰਮੇਸ਼ ਕੁਮਾਰ ਅਤੇ ਕਾਨੂੰਗੋ ਬਲਜੀਤ ਸਿੰਘ ਆਮ ਆਦਮੀ ਪਾਰਟੀ ਦੇ ਸਰਕਲ ਪ੍ਰਧਾਨ ਲਛਮਣ ਸਿੰਘ ਸੰਧੂ ਸਮਾਜ ਸੇਵੀ ਮਹਾਂਵੀਰ ਸਿੰਘ ਅਤੇ ਹੋਰ ਵੱਡੀ ਗਿਣਤੀ ਵਿਚ ਇਕੱਤਰ ਲੋਕਾਂ ਨੇ ਕਿਹਾ ਕੀ ਇਸ ਵਾਰ ਕਣਕ ਦਾ ਝਾੜ ਘੱਟ ਨਿਕਲਣ ਕਰਕੇ ਕਿਸਾਨ ਪਹਿਲਾਂ ਹੀ ਘਾਟੇ ਵਿੱਚ ਜਾ ਰਹੇ ਹਨ ਉਨ੍ਹਾਂ ਪ੍ਰਸ਼ਾਸ਼ਨ ਤੋਂ ਮੰਗ ਕੀਤੀ ਕੀ ਇੰਨਾਂ ਕਿਸਾਨਾਂ ਨੂੰ ਢੁਕਵਾਂ ਮੁਆਵਜਾ ਦਿੱਤਾ ਜਾਵੇ।

# ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਫ਼ੀਲਖ਼ਾਨਾ ਵਿੱਚ ਲੱਗਿਆ ਕਰੀਅਰ ਕਾਉਂਸਲਿੰਗ ਅਤੇ ਗਾਈਡੈਂਸ ਸੈਮੀਨਾਰ





**ਪਟਿਆਲਾ/ਇਕਬਾਲ ਸਿੰਘ**

ਪਟਿਆਲਾ ਦੇ ਇਕ ਬਹੁਤ ਪੁਰਾਣੇ ਅਤੇ ਪ੍ਰਸਿੱਧ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਫੀਲਖਾਨਾ ਪਟਿਆਲਾ ਵਿਚ 12ਵੀਂ ਜਮਾਤ ਦੇ ਵਿਦਿਆਰਥੀਆਂ ਦੇ ਲਈ ਕਰੀਅਰ ਕਾਉਂਸਲਿੰਗ ਅਤੇ ਗਾਈਡੈਂਸ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਖਾਸ ਕਰੀਅਰ ਕਾਉਂਸਲਿੰਗ ਸੈਮੀਨਾਰ ਦਾ ਆਯੋਜਨ ਸਕੂਲ ਦੇ ਪ੍ਰਿੰਸੀਪਲ ਡਾ ਰਜਨੀਸ਼ ਗੁਪਤਾ ਦੀ ਅਗਵਾਈ ਦੇ ਵਿੱਚ ਕਰਵਾਇਆ ਗਿਆ। ਇਸ ਮੌਕੇ ਤੇ ਕਰੀਅਰ ਕਾਊਂਸਲਰ ਮਾਨਿਕ ਰਾਜ ਸਿੰਗਲਾ ਨੂੰ ਖ਼ਾਸ ਤੌਰ ਤੇ ਬੁਲਾ ਕੇ ਵਿਦਿਆਰਥੀਆਂ ਦੇ ਰੂਬਰੂ ਕਰਾਇਆ ਗਿਆ। ਸਕੂਲ ਦੇ ਪ੍ਰਿੰਸੀਪਲ ਡਾ ਰਜਨੀਸ਼ ਗੁਪਤਾ ਨੇ ਇਸ ਮੌਕੇ ਤੇ ਦੱਸਿਆ ਕਿ ਅੱਜ ਦੇ ਸਮੇਂ ਦੇ ਵਿਦਿਆਰਥੀਆਂ ਦੀ ਸਭ ਤੋਂ ਵੱਡੀ ਜ਼ਰੂਰਤ ਕਰੀਅਰ ਕੌਂਸਲਿੰਗ ਹੈ। ਇੱਕ ਵਿਦਿਆਰਥੀ ਜੇਕਰ ਸਹੀ ਸਮੇਂ ਤੇ ਸਹੀ ਦਿਸ਼ਾ ਨੂੰ ਫੜ ਲਵੇ ਤਾਂ ਉਹ ਆਪਣੇ ਜੀਵਨ ਵਿਚ ਕਿਸੇ ਵੀ ਉਚਾਈ ਨੂੰ ਹਾਸਲ ਕਰ ਸਕਦਾ ਹੈ। ਇਸੀ ਪ੍ਰੋਜੈਕਟ ਦੇ ਲਈ ਅਜ ਅਸੀਂ ਖਾਸ ਤੋਰ ਤੇ ਮਾਨਿਕ ਰਾਜ ਸਿੰਗਲਾ ਨੂੰ ਬੁਲਾ ਕੇ ਕਰੀਅਰ ਕਾਊਂਸਲਿੰਗ ਸੈਮੀਨਾਰ ਦਾ ਆਯੋਜਨ ਕੀਤਾ ਹੈ। ਜ਼ਿਕਰਯੋਗ ਹੈ ਕਿ ਉਨ੍ਹਾਂ ਵੱਲੋਂ ਲਗਾਤਾਰ ਪਟਿਆਲਾ ਦੇ ਸਰਕਾਰੀ ਸਕੂਲਾਂ ਦੇ ਵਿਚ ਇਕ ਇਕ ਕਰ ਕੇ ਕਰੀਅਰ ਕਾਉਂਸਲਿੰਗ ਅਤੇ ਗਾਈਡੈਂਸ ਸੈਮੀਨਰ ਕਰਵਾਏ ਜਾ ਰਹੇ ਹਨ ਅਤੇ ਉਸੇ ਕੜੀ ਦੇ ਹੇਠਾਂ ਅੱਜ ਪਟਿਆਲਾ ਦੇ ਪ੍ਰਸਿੱਧ ਸਰਕਾਰੀ ਸਕੂਲ ਫਿਲਖਾਨਾ ਵਿੱਚ ਵੀ ਕਰੀਅਰ ਕਾਊਂਸਲਿੰਗ ਸੈਮੀਨਾਰ ਦਾ ਆਯੋਜਨ ਕੀਤਾ ਗਿਆ ਹੈ। ਤਕਰੀਬਨ ਇਕ ਘੰਟਾ ਚੱਲੇ ਇਸ ਸੈਮੀਨਾਰ ਦੇ ਵਿਚ 150 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ ਅਤੇ ਵੱਖ ਵੱਖ ਸਵਾਲਾਂ ਦੇ ਰਾਹੀਂ ਕਰੀਅਰ ਕਾਉਂਸਲਰ ਮਾਨਿਕ ਰਾਜ ਸਿੰਗਲਾ ਤੋਂ ਆਪਣੇ ਕਰੀਅਰ ਬਾਰੇ ਵਿਸਥਾਰ ਵਿਚ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਨੇ ਦੱਸਿਆ ਕਿ ਉਹ ਪਟਿਆਲਾ ਜ਼ਿਲ੍ਹੇ ਦੇ ਸਾਰੇ ਸਰਕਾਰੀ ਸਕੂਲਾਂ ਦੇ ਵਿੱਚ ਜਾ ਕੇ ਮੁਫ਼ਤ ਕਰੀਅਰ ਕਾਉਂਸਲਿੰਗ ਅਤੇ ਗਾਈਡੈਂਸ ਸੈਮੀਨਰ ਕਰਨਾ ਚਾਹੁੰਦੇ ਹਨ। ਜ਼ਿਕਰਯੋਗ ਹੈ ਕਿ ਮਾਨਿਕ ਰਾਜ ਸਿੰਗਲਾ ਖ਼ੁਦ ਵੀ ਸਰਕਾਰੀ ਸਕੂਲ ਫੀਲਖਾਨਾ ਦੇ ਵਿਦਿਆਰਥੀ 1995 ਵਿੱਚ ਰਹਿ ਚੁੱਕੇ ਹਨ। ਇਸ ਮੌਕੇ ਤੇ ਸਕੂਲ ਦੇ ਵਾਈਸ ਪ੍ਰਿੰਸੀਪਲ ਮੈਡਮ ਕਰਮਜੀਤ ਕੌਰ ਵੀ ਉਚੇਚੇ ਤੌਰ ਤੇ ਮੌਜੂਦ ਰਹੇ। ਸੈਮੀਨਾਰ ਦਾ ਆਯੋਜਨ ਸਕੂਲ ਦੇ ਮੀਡੀਆ ਕੌਆਰਡੀਨੇਟਰ ਸ੍ਰੀ ਅਕਸ਼ੈ ਕੁਮਾਰ ਵੱਲੋਂ ਕੀਤਾ ਗਿਆ। ਇਸ ਮੌਕੇ ਤੇ ਮਾਨਿਕ ਰਾਜ ਸਿੰਗਲਾ ਦੇ ਸਹਿਯੋਗੀ ਵਿਸ਼ਾਲ ਸ਼ਰਮਾ ਵੀ ਖਾਸ ਤੌਰ ਤੇ ਮੌਜੂਦ ਰਹੇ ਅਤੇ ਉਨ੍ਹਾਂ ਦੇ ਨਾਲ ਸਕੂਲ ਦਾ ਸਮੂਹ ਸਟਾਫ ਚਰਨਜੀਤ ਸਿੰਘ, ਧਰਮਿੰਦਰ ਸਿੰਘ, ਸਪਨਾ ਸੇਠੀ, ਗੁਰਦੀਪ ਕੌਰ, ਕਿਰਨ ਵਰਮਾ, ਸ਼ੈਫਾਲੀ ਗੁਪਤਾ , ਅਮਨਦੀਪ ਕੌਰ,ਕੁਲਜੀਤ ਕੌਰ ਵੀ ਖਾਸ ਤੌਰ ਤੇ ਮੌਜੂਦ ਰਹੇ।



ਪਿੰਗਲਵਾੜਾ (ਅੰਮ੍ਰਿਤਸਰ) ਦੇ ਬੱਚੇ ਇੱਕ-ਦੂਜੇ ਦੀ ਮਦਦ ਕਰਦੇ ਹੋਏ। (ਫੋਟੋ ਤੇ ਵੇਰਵਾ- ਕਰਨੈਲ ਸਿੰਘ ਐੱਮ.ਏ)

ਹਲਕਾ ਘਨੌਰ ਦੇ ਐਮ ਐਲ ਏ ਗੁਰਲਾਲ ਘਨੌਰ ਨੇ ਕੀਤਾ ਸਰਕਾਰੀ ਹਾਈ ਸਕੂਲ ਹਰਪਾਲਪੁਰ ਦਾ ਦੌਰਾ ਅਤੇ ਬੱਚਿਆਂ ਨਾਲ ਕੀਤੀ ਵਿਸ਼ੇਸ਼ ਮੀਟਿੰਗ।

ਪਟਿਆਲਾ /ਘਨੌਰ/ 28 ਅਪ੍ਰੈਲ (ਇਕਬਾਲ ਸਿੰਘ): ਹਲਕਾ ਘਨੌਰ ਦੇ ਪਿੰਡ ਹਰਪਾਲਪੁਰ ਵਿਚ ਸਥਿਤ ਸਰਕਾਰੀ ਹਾਈ ਸਕੂਲ ਦੇ ਵਿਧਾਇਕ ਗੁਰਲਾਲ ਘਨੌਰ ਵੱਲੋਂ ਕੀਤਾ ਗਿਆ ਵਿਸ਼ੇਸ਼ ਦੌਰਾ। ਵਿਧਾਨ ਸਭਾ ਹਲਕਾ ਘਨੌਰ ਦੇ ਅਧੀਨ ਪੈਂਦੇ ਪਿੰਡ ਹਰਪਾਲਪੁਰ ਵਿਖੇ ਸਥਿਤ ਸਰਕਾਰੀ ਸਕੂਲ ਵਿੱਚ ਬੀਤੇ ਦਿਨ ਹਲਕਾ ਘਨੌਰ ਦੇ ਨਵ ਨਿਯੁਕਤ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਲਾਲ ਘਨੌਰ ਵੱਲੋਂ ਵਿਸ਼ੇਸ਼ ਦੌਰਾ ਕੀਤਾ। ਇਸ ਮੌਕੇ ਗੁਰਲਾਲ ਘਨੌਰ ਵੱਲੋਂ ਸਕੂਲ ਦੇ ਬੱਚਿਆਂ ਨਾਲ ਉਨ੍ਹਾਂ ਦੀ ਹੌਂਸਲਾ ਅਫਜਾਈ ਕੀਤੀ ਗਈ ਇਸ ਮੌਕੇ ਵਿਧਾਇਕ ਗੁਰਲਾਲ ਘਨੌਰ ਨੇ ਜਾਣਕਾਰੀ ਸਾਂਝੀ

# ਮਨੀਪਾਲਸਿਗਨਾ ਹੈਲਥ ਇੰਸ਼ੋਰੈਂਸ ਨੇ ਇੱਕ ਸੰਪੂਰਨ ਸਿਹਤ ਸੰਭਾਲ ਬੀਮਾ ਯੋਜਨਾ 'ਮਨੀਪਾਲਸਿਗਨਾ ਪ੍ਰੋਹੈਲਥ ਪ੍ਰਾਈਮ' ਕੀਤੀ ਲਾਂਚ

## ਬਿਹਤਰ ਕਵਰੇਜ, ਬਿਹਤਰ ਕੰਟਰੋਲ, ਅਤੇ ਬਿਹਤਰ ਦੇਖਭਾਲ ਦੀ ਪੇਸ਼ਕਸ਼

Manipal Cigna
Health Insurance

**ਚੰਡੀਗੜ੍ਹ/ਲੋਕ ਬਾਣੀ**

ਮਨੀਪਾਲਸਿਗਨਾ ਹੈਲਥ ਇੰਸ਼ੋਰੈਂਸ ਕੰਪਨੀ ਲਿਮਟਿਡ ਨੇ ਅੱਜ @ਮਨੀਪਾਲਸਿਗਨਾ ਪ੍ਰੋਹੈਲਥ ਪ੍ਰਾਈਮ@ ਯੋਜਨਾ ਦੀ ਸ਼ੁਰੂਆਤ ਦਾ ਐਲਾਨ ਕੀਤਾ ਹੈ। ਇਹ ਨਵੀਂ ਯੋਜਨਾ ਸਿਰਫ਼ ਇੱਕ ਸਿਹਤ ਬੀਮਾ ਯੋਜਨਾ ਹੀ ਨਹੀਂ ਹੈ, ਸਗੋਂ ਇੱਕ ਸੰਪੂਰਨ ਸਿਹਤ ਸੰਭਾਲ ਬੀਮਾ ਯੋਜਨਾ ਹੈ ਕਿਉਂਕਿ ਇਹ ਨਾ ਸਿਰਫ਼ ਹਸਪਤਾਲ ਵਿੱਚ ਦਾਖਲ ਹੋਣ ਦੇ ਸਾਰੇ ਪ੍ਰਕਾਰ ਦੇ ਖਰਚਿਆਂ ਨੂੰ ਕਵਰ ਕਰਦੀ ਹੈ, ਬਲਕਿ ਇਹ ਕ੍ਰਾਂਤੀਕਾਰੀ ਵਿਸ਼ੇਸ਼ਤਾਵਾਂ ਦੇ ਨਾਲ ਆਉਂਦੀ ਹੈ ਜਿਵੇਂ ਕਿ ਡਾਕਟਰ ਦੀ ਕੰਸਲਟੇਸ਼ਨ ਨਿਰਧਾਰਤ ਡਾਇਗਨੌਸਟਿਕ ਟੈਸਟਾਂ ਅਤੇ ਫਾਰਮੇਸੀ ਖਰਚਿਆਂ ਲਈ ÷ਕੈਸ਼ ਲੈੱਸ ਓਪੀਡੀ÷ ਕਵਰੇਜ ਆਦਿ ।ਪਾਲਿਸੀ ÷ਗੈਰ-ਮੈਡੀਕਲ ਖਰਚਿਆਂ÷ ਨੂੰ ਕਵਰ ਕਰਦੀ ਹੈ , ਤਾਂ ਕਿ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਹਸਪਤਾਲ ਵਿੱਚ ਭਰਤੀ ਹੋਣ ਦੌਰਾਨ ਗੈਰ-ਮੈਡੀਕਲ ਆਇਟਮਸ ਵਿਚ ਜ਼ੀਰੋ ਫੀਸਦੀ ਕਟੌਤੀ ਵੀ ਨਾ ਹੋਵੇ ਅਤੇ ਅਜਿਹੇ ਹੋਰ ਬਹੁਤ ਸਾਰੇ ਆਕਰਸ਼ਕ ਲਾਭ ਸ਼ਾਮਲ ਹਨ।

ਉਤਪਾਦ ਦੀ ਸ਼ੁਰੂਆਤ ਬਾਰੇ ਬੋਲਦਿਆਂ, ਮਨੀਪਾਲਸਿਗਨਾ ਹੈਲਥ ਇੰਸ਼ੋਰੈਂਸ ਕੰਪਨੀ ਲਿਮਟਿਡ ਦੇ ਮੈਨੇਜਿੰਗ ਡਾਇਰੈਕਟਰ ਅਤੇ ਸੀਈਓ, ਸ਼੍ਰੀ ਪ੍ਰਾਸਨ ਸਿਕਦਾਰ ਨੇ ਕਿਹਾ, ਮਨੀਪਾਲਸਿਗਨਾ ਵਿਖੇ, ਅਸੀਂ ਖਪਤਕਾਰਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਹਮੇਸ਼ਾ ਸਭ ਤੋਂ ਅੱਗੇ ਰਹੇ ਹਾਂ ਅਤੇ ਜਦੋਂ ਵੀ ਅਸੀਂ ਕੋਈ ਨਵਾਂ ਉਤਪਾਦ ਲੈ ਕੇ ਆਏ ਹਾਂ, ਅਸੀਂ ਇਹ ਸੁਨਿਸ਼ਚਿਤ ਕੀਤਾ ਹੈ ਕਿ ਸਾਡਾ ਉਤਪਾਦ ਉਹਨਾਂ ਮੁੱਖ ਸੱਮਸਿਆਵਾਂ ਨੂੰ ਸੰਬੋਧਿਤ ਕਰ ਸਕੇ ਜਿਨ੍ਹਾਂ ਦਾ ਸਾਡੇ ਗਾਹਕ ਸਾਹਮਣਾ ਕਰ ਰਹੇ ਹਨ। ਇਸ ਵਾਰ ਵੀ ਅਸੀਂ ਵੜੀ ਡੂੰਘਾਈ ਨਾਲ ਖੋਜ ਕੀਤੀ ਅਤੇ ਕੁਝ ਪ੍ਰਮੁੱਖ ਸੱਮਸਿਆਵਾਂ ਦੀ ਪਛਾਣ ਕੀਤੀ ਜਿਨ੍ਹਾਂ ਦਾ ਗਾਹਕਾਂ ਨੂੰ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਗਾਹਕ ਸਾਡੇ ਵਰਗੇ ਹੈਲਥ ਐਕਸਪਰਟਸ ਤੋਂ ਇਹਨਾਂ ਦੇ ਹੱਲ ਦੀ ਉਮੀਦ ਕਰਦੇ ਹਨ । ਉਦਾਹਰਨ ਦੇ ਤੌਰ @ਤੇ ਭਾਰਤ ਵਿੱਚ, ਆਊਟ-ਪੇਸ਼ੈਂਟ ਡਿਪਾਰਟਮੈਂਟ ਦੇ ਖਰਚੇ ਜਿਸ ਵਿੱਚ ਡਾਕਟਰਾਂ ਦੀ ਕੰਸਲਟੇਸ਼ਨ , ਲੈਬ ਟੈਸਟ ਅਤੇ ਫਾਰਮੇਸੀ ਖਰਚੇ ਆਦਿ ਸ਼ਾਮਲ ਹਨ, ਸਿਹਤ ਦੇਖਭਾਲ ਖਰਚਿਆਂ ਦਾ ਲਗਭਗ 62 ਫੀਸਦੀ ਬਣਾਉਂਦੇ ਹਨ , ਇਹੀ ਨਹੀਂ, ਹਸਪਤਾਲ ਵਿੱਚ ਦਾਖਲ।

# ਹਲਕਾ ਸਨੌਰ ਦੇ ਕਿਸਾਨਾਂ ਨੇ ਆਪਣੀ ਮੰਗਾਂ ਨੂੰ ਲੈ ਕੇ ਬਿਜਲੀ ਸੰਕਟ ਨੂੰ ਲੈਕੇ ਸਰਕਾਰ ਦੇ ਖ਼ਿਲਾਫ਼ ਕੀਤੀ ਨਾਅਰੇਬਾਜ਼ੀ



**ਪਟਿਆਲਾ/ ਸਨੌਰ/ਇਕਬਾਲ ਸਿੰਘ**

ਕਿਸਾਨਾਂ ਵੱਲੋਂ ਬਿਜਲੀ ਬੋਰਡ ਦੇ ਦਫਤਰ ਦੇ ਬਾਹਰ ਆਪਣੇ ਮੰਗਾਂ ਨੂੰ ਲੈ ਕੇ ਪੰਜਾਬ ਸਰਕਾਰ ਦੇ ਖਿਲਾਫ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਕਿਸਾਨਾਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਬਿਜਲੀ ਦੇ ਲੱਗ ਰਹੇ ਕੱਟਾ ਦੇ ਕਾਰਨ ਫਸਲ ਦਾ ਪਹਿਲਾਂ ਹੀ ਬਹੁਤ ਨੁਕਸਾਨ ਹੋ ਚੁੱਕਾ ਹੈ। ਇਸ ਵਾਰ ਸਾਡੇ ਕਣਕ ਦੇ ਝਾੜ ਵਿੱਚ ਵੀ ਨੁਕਸਾਨ ਹੋਇਆ ਹੈ ਇਸ ਕਾਰਨ ਬਿਜਲੀ ਘੱਟ ਹੋਣ ਕਰਕੇ ਲੋਕਾਂ ਨੂੰ ਕਣਕ ਅਤੇ ਜੀਰੀ ਦੀ ਫ਼ਸਲ ਵਿੱਚ ਅਗੇ ਜਾ ਕੇ ਸਮੱਸਿਆ ਆਈਆ ਕਿਉਂ ਕਿ ਸਰਕਾਰ ਵੱਲੋਂ ਕਿਸਾਨਾਂ ਨਾਲ ਵਾਅਦੇ ਕੀਤੇ ਗਏ ਸੀ ਕਿ ਅਸੀਂ ਕਿਸਾਨਾਂ ਨੂੰ 24 ਘੰਟੇ ਸਪਲਾਈ ਦਵਾਂਗੇ। ਪਰ ਬਿਜਲੀ ਕੱਟ ਹੋਣ ਕਰਕੇ ਹੁਣ ਜੀਰੀ ਦੇ ਸੀਜ਼ਨ ਵਿੱਚ ਪਾਣੀ ਲਾਉਣਾ ਵੀ ਔਖਾ ਹੋਇਆ ਪਿਆ ਹੈ ਤੇ ਪਸ਼ੂਆਂ ਦੇ ਲਈ ਹਰਾ ਚਾਰਾ ਵੀ ਬੜੀ ਮੁਸ਼ਕਿਲ ਨਾਲ ਇਕੱਠਾ ਹੋ ਰਿਹਾ ਹੈ ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਕਿਸਾਨਾਂ ਨੂੰ ਬਿਜਲੀ ਸਪਲਾਈ ਠੀਕ ਦਿੱਤੀ ਜਾਵੇ ਨਹੀਂ ਤਾਂ ਇਹ ਪ੍ਰਦਰਸ਼ਨ ਇਸੇ ਤਰ੍ਹਾਂ ਜਾਰੀ ਰਹੇਗਾ। ਇਸ ਪ੍ਰਦਰਸ਼ਨ ਦੇ ਦੌਰਾਨ ਕਿਸਾਨਾਂ ਵੱਲੋਂ ਜ਼ਿੰਦਾਬਾਦ ਅਤੇ ਮੁਰਦਾਬਾਦ ਦੇ ਨਾਅਰੇ ਵੀ ਲਗਾਏ ਗਏ।

# ਕਰਮਚਾਰੀ ਰਾਜ ਬੀਮਾ ਨਿਗਮ ਕੋਵਿਡ-19 ਰਾਹਤ ਯੋਜਨਾ ਦੀ ਅੰਸ਼ਦਾਨ ਦੀ ਪਾਤਰਤਾ ਸ਼ਰਤ ਵਿੱਚ 70 ਦਿਨਾਂ ਦੀ ਜਗ੍ਹਾ ਹੁਣ ਸਿਰਫ 35 ਦਿਨਾਂ ਦਾ ਅੰਸ਼ਦਾਨ ਜਰੂਰੀ

**ਲੁਧਿਆਣਾ/ਸੁਖਚੈਨ ਮਹਿਰਾ**

ਕਰਮਚਾਰੀ ਰਾਜ ਬੀਮਾ ਨਿਗਮ ਦੀ 186ਵੀ ਬੈਠਕ ਵਿੱਚ ਕ.ਰਾ.ਬੀ. ਕੋਵਿਡ –19 ਰਾਹਤ ਯੋਜਨਾ ਲਈ ਅੰਸ਼ਦਾਨ ਦੀ ਪਾਤਰਤਾ ਸ਼ਰਤ ਨੂੰ 70 ਦਿਨਾਂ ਤੋਂ ਘਟਾ ਕੇ 35 ਦਿਨ ਕਰਨ ਦਾ ਫੈਂਸਲਾ ਲਿਆ ਗਿਆ ਹੈ। ਇਸ ਸੰਬੰਧੀ ਨੋਟੀਫਿਕੇਸ਼ਨ ਮਿਤੀ 22.03.2022 ਨੂੰ ਜਾਰੀ ਕੀਤੀ ਗਈ ਹੈ। ਇਸ ਫੈਸਲੇ ਨਾਲ ਉਹਨਾਂ ਕਰਮਚਾਰੀਆਂ ਦੇ ਆਸ਼ਰਿਤਾਂ ਨੂੰ ਰਾਹਤ ਮਿਲੇਗੀ ਜੋ ਲੌਕਡਾਊਨ ਦੌਰਾਨ ਰੋਜ਼ਗਾਰ ਛੁੱਟ ਜਾਣ ਕਰਕੇ 70 ਦਿਨਾਂ ਦੇ ਅੰਸ਼ਦਾਨ ਦੀ ਸ਼ਰਤ ਪੂਰੀ ਨਹੀਂ ਕਰ ਪਾਏ। ਨੋਟਿਫਿਕੇਸ਼ਨ ਦੇ ਸੰਬੰਧ ਵਿੱਚ ਕੋਵਿਡ–19 ਰਾਹਤ ਯੋਜਨਾ ਦੇ ਅੰਤਰਗਤ 70 ਦਿਨਾਂ ਦੇ ਅੰਸ਼ਦਾਨ ਪੂਰਾ ਨਾ ਹੋਣ ਕਰਕੇ ਇਸ ਤੋਂ ਪਹਿਲਾਂ ਅਸਵੀਕਾਰ ਕੀਤੇ ਮਾਮਲਿਆਂ ਦੀ ਵੀ ਦੁਬਾਰਾ ਸਮੀਖਿਆ ਕੀਤੀ ਜਾਵੇਗੀ।

ਹੁਣ ਤੱਕ ਕਰਮਚਾਰੀ ਰਾਜ ਬੀਮਾ ਨਿਗਮ ਦੇ ਉਪ ਖੇਤਰੀ ਦਫਤਰ ਲੁਧਿਆਣਾ ਦੁਆਰਾ 33 ਕਲੇਮ ਮੰਜੂਰ ਕੀਤੇ ਜਾ ਚੁੱਕੇ ਹਨ ਜਿਸ ਲਈ 3095331/– (ਤੀਹ ਲੱਖ ਪਚਾਨਵੇਂ ਹਜਾਰ ਤਿੰਨ ਸੌ ਇਕੱਤੀ) ਰੁਪਏ ਦੀ ਰਾਹਤ ਪ੍ਰਭਾਵਿਤ ਆਸ਼ਰਿਤਾਂ ਨੂੰ ਵੰਡੀ ਗਈ ਹੈ।

ਇਸ ਮੌਕੇ ਸ਼ਾਖਾ ਪ੍ਰਬੰਧਕ, ਗਿਆਸਪੁਰਾ ਲੁਧਿਆਣਾ ਬੀਮਾਧਾਰਕ ਸ਼੍ਰੀ ਮੇਜ਼ਰ ਸਿੰਘ ਦੀ ਪਤਨੀ ਸ਼੍ਰੀਮਤੀ ਸੁਖਵਿੰਦਰ ਕੌਰ ਨੂੰ ਰਾਹਤ ਮੰਜੂਰੀ ਪੱਤਰ ਪ੍ਰਦਾਨ ਕੀਤਾ ਗਿਆ।



ਪਾਤਰਤਾ ਦੀਆਂ ਸ਼ਰਤਾਂ ਅਤੇ ਲਾਗੂ ਕਰਨ ਦੀ ਵਿਧੀ:–

ਜਿਸ ਬੀਮਾਂਧਾਰਕ ਦੀ ਮੌਤ ਕੋਵਿਡ–19 ਦੇ ਕਾਰਨ ਹੋਈ ਹੈ, ਉਹ ਕਰਮਚਾਰੀ ਰਾਜ ਬੀਮਾ ਨਿਗਮ ਦੇ ਆਨਲਾਈਨ ਪੋਰਟਲ ਤੇ ਕੋਵਿਡ–19 ਦੇ 4◆▲✣✪✤↔◆↔ ਦੇ 3 ਮਹੀਨੇ ਪਹਿਲਾਂ ਪੰਜੀਕ੍ਰਿਤ ਕੀਤਾ ਹੋਵੇ।

ਮ੍ਰਿਤਕ ਬੀਮਾਂਧਾਰਕ ਦੇ ਕੋਵਿਡ–19 ਦੇ 4◆▲✣✪✤↔◆↔ ਦੇ ਦਿਨ ਉਸਦਾ ਰੋਜ਼ਗਾਰ ਵਿੱਚ ਹੋਣਾ ਜਰੂਰੀ ਹੈ ਅਤੇ 4◆▲✣✪✤↔◆↔ ਹੋਣ ਦੇ ਪਿਛਲੇ ਇੱਕ ਸਾਲ ਦੇ ਦੌਰਾਨ 35 ਦਿਨਾਂ ਦਾ ਅੰਸ਼ਦਾਨ ਪ੍ਰਾਪਤ ਹੋਣਾ ਜਾਂ ਭੁਗਤਾਨ ਯੋਗ ਹੋਣਾ ਜਰੂਰੀ ਹੈ।

ਜੋ ਬੀਮਾਂਧਾਰਕ ਪ੍ਰਸੂਤੀ ਹਿਤਲਾਭ,ਵਿਸਤਾਰਿਤ ਬੀਮਾਰੀ ਹਿਤਲਾਭਜਾਂ ਅਸਥਾਈ ਅਪੰਗਤਾ ਹਿਤਲਾਭਦਾ ਲਾਭ ਲੈ ਰਹੇ ਸੀ, ਉਹਨਾਂ ਦੀ ਕੋਵਿਡ ਕਾਰਨ ਮੌਤ ਦੀ ਸਥਿਤੀ ਵਿੱਚ 35 ਦਿਨ ਦੇ ਅੰਸ਼ਦਾਨ ਦੀ ਸ਼ਰਤ ਪੂਰੀ ਨਾ ਹੋਣ ਤੇ ਪ੍ਰਸੂਤੀ ਹਿਤਲਾਭ,ਵਿਸਤਾਰਿਤ ਬੀਮਾਰੀ ਹਿਤਲਾਭਜਾਂ ਅਸਥਾਈ ਅਪੰਗਤਾ ਹਿਤਲਾਭ ਦੇ ਲਾਭ ਦੇ ਦਿਨਾਂ ਦੀ ਇੱਕ ਸਾਲ ਪਹਿਲਾਂ ਤੱਕ ਦੀ ਗਣਨਾ ਇਸ ਯੋਜਨਾ ਵਿੱਚ ਰਾਹਤ ਪਹੁੰਚਾਉਣ ਲਈ ਕੀਤੀ ਜਾਵੇਗੀ।

ਉਕਤ ਯੋਜਨਾ ਦੇ ਅਧੀਨ ਰਾਹਤ ਦਾ ਦਾਵਾ ਕਰਨ ਵਾਲੇ ਦਾਵਾ ਕਰਤਾ ਨੂੰ ਯੋਜਨਾ ਦੇ ਅਧੀਨ ਨਿਰਧਾਰਿਤ ਪ੍ਰੋਫਾਰਮਾ ਉੱਤੇ ਕੋਵਿਡ ਪੋਜ਼ਟਿਵ ਰਿਪੋਰਟ ਅਤੇ ਮੌਤ ਦੇ ਸਰਟੀਫਿਕੇਟ ਦੇ ਨਾਲ ਨਜ਼ਦੀਕੀ ਸ਼ਾਖਾ ਦਫ਼ਤਰ ਵਿੱਚ ਦਾਵਾ ਪੇਸ਼ ਕਰਨਾ ਹੋਵੇਗਾ।

ਨਿਰਭਰ ਮੈਂਬਰ ਦੀ ਉਮਰ ਅਤੇ ਪਹਿਚਾਣ ਲਈ ਯੋਗ ਅਧਿਕਾਰੀ ਦੁਆਰਾ ਜਾਰੀ ਜਨਮ ਪ੍ਰਮਾਣ ਪੱਤਰ ਅਤੇ ਆਧਾਰ ਮੰਨਣਯੋਗ ਹੋਵੇਗਾ।

ਮ੍ਰਿਤਕ ਬੀਮਾਧਾਰਕ ਦੀ ਪਤਨੀ ਹਰੇਕ ਸਾਲ 120/– ਰੁਪਏ ਜਮਾਂ ਕਰ ਕੇ ਕਰਮਚਾਰੀ ਰਾਜ਼ ਬੀਮਾ ਨਿਗਮ ਦੇ ਸੰਸਥਾਨਾਂ ਵਿੱਚ ਚਿਕਿਤਸਾ ਸੰਭਾਲ ਦੇ ਲਈ ਹੱਕਦਾਰ ਹੋਵੇਗੀ।

ਮ੍ਰਿਤਕ ਦੇ ਪਰਿਵਾਰ ਦੇ ਸਭ ਤੋਂ ਵੱਡੇ ਮੈਂਬਰ ਜਾਂ ਜਿਸ ਨੇ ਅਸਲ ਵਿੱਚ ਬੀਮਾਧਾਰਕ ਦਾ ਸੰਸਕਾਰ ਕਰਨ ਵਾਲੇ ਵਿਅਕਤੀ ਨੂੰ 15000/–ਦੀ ਰਾਸ਼ੀ ਦਾ ਭੁਗਤਾਨ ਵੀ ਕੀਤਾ ਜਾਂਦਾਂ ਹੈ।

ਸਾਰੇ ਯੋਗ ਵਿਅਕਤੀਆਂ ਨੂੰ ਬੇਨਤੀ ਹੈ ਕਿ ਜਲਦ ਤੋਂ ਜਲਦ ਇਸ ਯੋਜਨਾ ਦਾ ਲਾਭ ਲੈਣ ਲਈ ਦਾਵਾ ਪੇਸ਼ ਕਰਨ। ਯੋਜਨਾ ਦਾ ਲਾਭ ਲੈਣ ਲਈ ਜਰੂਰੀ ਹਿਦਾਇਤਾਂ ਅਤੇ ਫਾਰਮ 5♥93 ਵੈਬਸਾਈਟ ਤੇ ਉਪਲੱਬਧ ਹਨ ਜਾਂ ਵਧੇਰੇ ਜਾਣਕਾਰੀ ਲਈ ਨਿਮਨਲਿਖਤ ਸ਼ਾਖਾ ਦਫ਼ਤਰਾਂ ਅਤੇ ਉਪ ਖੇਤਰੀ ਦਫ਼ਤਰ ਦੇ ਫੋਨ ਨੰਬਰ ਤੇ ਸੰਪਰਕ ਕੀਤਾ ਜਾ ਸਕਦਾ ਹੈ–

ਸ਼੍ਰੀ ਸਤਿੰਦਰ ਸਿੰਘ ਉਪ ਖੇਤਰੀ ਦਫ਼ਤਰ, ਕਰਮਚਾਰੀ ਰਾਜ ਬੀਮਾ ਨਿਗਮ, ਫੋਕਲ ਪਵਾਇੰਟ ਲੁਧਿਆਣਾ:–9417–264693

ਸ਼੍ਰੀ ਅਨਿਲ ਕੁਮਾਰ ਕਥੂਰੀਆ, ਸ਼ਾਖਾ ਪ੍ਰਬੰਧਕ, ਫੋਕਲ ਪਵਾਇੰਟ ਲੁਧਿਆਣਾ:–9988506595

ਸ਼੍ਰੀ ਜਸਵੰਤ ਸਿੰਘ, ਸ਼ਾਖਾ ਪ੍ਰਬੰਧਕ, ਗਿਆਸਪੁਰਾ ਲੁਧਿਆਣਾ:–9646300463

ਸ਼੍ਰੀ ਵਰਿੰਦਰ ਕੁਮਾਰ, ਸ਼ਾਖਾ ਪ੍ਰਬੰਧਕ, ਗਿਲ ਰੋਡ ਲੁਧਿਆਣਾ:–8427001180

ਸ਼੍ਰੀ ਅਮੀ ਲਾਲ, ਸ਼ਾਖਾ ਪ੍ਰਬੰਧਕ, ਰਾਹੋਂ ਰੋਡ ਲੁਧਿਆਣਾ:–8054931280

ਸ਼੍ਰੀਮਤੀ ਰੰਜਨਾ ਗੋਸਵਾਮੀ, ਸ਼ਾਖਾ ਪ੍ਰਬੰਧਕ, ਕੋਹਾੜਾ ਲੁਧਿਆਣਾ:–98149–99745

ਉਪਰੋਕਤ ਦੇ ਸੰਬੰਧ ਵਿੱਚ, ਸਾਰੇ ਯੋਗ ਦਾਅਵੇਦਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਤੁਰੰਤ ਆਪਣਾ ਦਾਅਵਾ ਦਾਇਰ ਕਰਨ, ਸਾਰੇ ਮਾਲਕਾਂ ਨੂੰ ਵੀ ਬੇਨਤੀ ਕੀਤੀ ਜਾਂਦਾ ਹੈ ਕਿ ਉਹ ਆਪਣੇ ਕਿਸੇ ਵੀ ਕਰਮਚਾਰੀ (ਜੋ ਉਪਰੋਕਤ ਸ਼ਰਤਾਂ ਨੂੰ ਪੂਰਾ ਕਰਦੇ ਹਨ) ਦੇ ਸੰਬੰਧ ਵਿੱਚ ਇੱਕ ਦਾਅਵਾ ਦਾਇਰ ਕਰਨ, ਜਿਸਦੀ ਮੌਤ ਕੋਵਿਡ–19 ਦੇ ਕਾਰਨ ਹੋਈ, ਕ੍ਰਿਪਾ ਕਰਕੇ ਇਸ ਦੀ ਸੂਚਨਾ ਸਾਡੇ ਦਫਤਰ ਨੂੰ ਦਿੱਤੀ ਜਾਵੇ।

# ਬਿਜਲੀ ਕੱਟਾਂ ਤੋਂ ਪ੍ਰੇਸ਼ਾਨ ਲੋਕਾਂ ਦੀ ਅਵਾਜ਼ ਬੁਲੰਦ ਕਰਨ ਲਈ ਨਸ਼ਾ ਵਿਰੋਧੀ ਲੋਕ ਸੰਘਰਸ਼ ਕਮੇਟੀ ਦਾ ਵਫਦ ਪਾਵਰਕੌਮ ਦੇ ਐਕਸੀਅਨ ਨੂੰ ਮਿਲਿਆ



**ਕਹਾੜਾ/ਮਾਛੀਵਾੜਾ ਸਾਹਿਬ/ਭੂਸ਼ਨ ਬਾਂਸਲ/ਸੁਨੀਲ ਅਗਰਵਾਲ**

ਪਿਛਲੇ ਕੁਝ ਦਿਨਾਂ ਤੋਂ ਬਿਜਲੀ ਕੱਟਾਂ ਤੋਂ ਪ੍ਰੇਸ਼ਾਨ ਲੋਕਾਂ ਦੀ ਅਵਾਜ਼ ਬੁਲੰਦ ਕਰਨ ਲਈ ਨਸ਼ਾ ਵਿਰੋਧੀ ਲੋਕ ਸੰਘਰਸ਼ ਕਮੇਟੀ ਵੱਲੋਂ ਪਾਵਰਕੌਮ ਦੇ ਐਕਸੀਅਨ ਸੀ? ਕੰਵਲਪ੍ਰੀਤ ਸਿੰਘ ਸਿੱਧੂ ਨੂੰ ਬਿਜਲੀ ਕੱਟਾਂ ਤੋਂ ਪ੍ਰੇਸ਼ਾਨ ਲੋਕਾਂ ਦੀਆਂ ਮੁਸਕਲਾਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਅੱਤ। ਦੀ ਗਰਮੀ ਅਤੇ ਮੱਛਰਾਂ ਤੋਂ ਲੋਕਾਂ ਦੀ ਜਾਨ ਬਚਾਈ ਜਾਵੇ ਕਿਉਂਕਿ ਅਸਮਾਨ ਨੂੰ ਛੂਹ ਰਹੀ ਮਹਿੰਗਾਈ ਵਿਚ ਮਲੇਰੀਆ ਅਤੇ ਡੇਗੂ ਵਰਗੀਆਂ ਬਿਮਾਰੀਆਂ ਦਾ ਇਲਾਜ ਕਰਵਾਉਣਾ ਉਨ੍ਹਾਂ ਲਈ ਹੋਰ ਵੀ ਮੁਸ਼ਕਲਾਂ ਵਿਚ ਵਾਧਾ ਕਰ ਦੇਵੇਗਾ। ਅਜਿਹੇ ਮੌਕੇ ਚੋਰੀਆਂ ਕਰਨ ਲਈ ਚੋਰਾਂ ਨੂੰ ਸੁਨਿਹਰੀ ਮੌਕਾ ਪ ?ਦਾਨ ਹੋਵੇਗਾ ਇਸ ਲਈ ਲੋਕਾਂ ਦੀਆਂ ਮੁਸਕਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਬਿਜਲੀ ਕੱਟਾਂ ਤੋਂ ਪ੍ਰੇਸ਼ਾਨ ਲੋਕਾਂ ਦੀ ਮੁਸ਼ਕਲਾਂ ਦਾ ਹੱਲ ਕੀਤਾ ਜਾਵੇ।

ਵਫਦ ਵਿੱਚ ਹੋਰਨਾਂ ਤੋਂ ਇਲਾਵਾ ਲੋਕ ਸੰਘਰਸ਼ ਕਮੇਟੀ ਦੇ ਕਨਵੀਨਰ ਅਤੇ ਪੰਜਾਬ ਸੀਟੂ ਦੇ ਸੂਬਾ ਸਕੱਤਰ ਸਾਥੀ ਅਮਰਨਾਥ ਕੂੰਮਕਲਾਂ, ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਬਲਾਕ ਪ੍ਰਧਾਨ ਗਿਆਨ ਸਿੰਘ ਮੰਡ, ਕਿਸਾਨ ਆਗੂ ਬਲਵਿੰਦਰ ਸਿੰਘ ( ਬਿੱਟੂ) ਚੌਂਤਾ, ਸਿਕੰਦਰ ਬਖ਼ਸ਼ ਮੰਡ ਚੌਂਤਾ ਤਹਿਸੀਲ ਪ੍ਰਧਾਨ ਸੀ.ਆਈ.ਟੀ.ਯੂ.ਲੁਧਿਆਣਾ

ਸਾਬਕਾ ਸਰਪੰਚ ਗੁਰਦਿਆਲ ਸਿੰਘ ਝੂੰਗੀਆਂ ਕਾਦਰ ਨੂੰ ਪਾਵਰਕੌਮ ਦੇ ਐਕਸੀਅਨ ਨੇ ਦੱਸਿਆ ਕਿ ਬਿਜਲੀ ਕੱਟਾਂ ਦਾ ਮੁੱਖ ਕਾਰਨ ਪੰਜਾਬ ਵਿੱਚ ਤਲਵੰਡੀ ਸਾਬੋ ਜਿਥੇ 660ਮੈਗਾਵਾਟ ਅਤੇ ਰੋਪੜ ਥਰਮਲ ਪਲਾਂਟ ਵਿੱਚ 210ਮੈਗਾਵਾਟ ਯੂਨਿਟ ਦੇ ਪਲਾਟਾਂ ਵਿੱਚ ਤਕਨੀਕੀ ਨੁਕਸ ਪੈ ਗਿਆ ਹੈ। ਜਿਸ ਨੂੰ ਦੋ ਦਿਨਾ ਵਿਚ ਠੀਕ ਕਰ ਲਿਆ ਜਾਵੇਗਾ। ਇਸ ਦੁਖ ਦੀ ਘੜੀ ਵਿਚ ਉਨ੍ਹਾਂ ਸੰਮੂਹ ਲੋਕਾਂ ਨੂੰ ਸਹਿਯੋਗ ਦੇਣ ਦੀ ਅਪੀਲ ਕਰਦਿਆਂ ਇਹ ਵਾਅਦਾ ਕੀਤਾ ਕਿ ਉਹ ਦੋ ਦਿਨਾ ਬਾਅਦ ਨਿਰਵਿਘਨ ਬਿਜਲੀ ਦੀ ਸਪਲਾਈ ਯਕੀਨੀ ਬਣਾਉਣਗੇ।

# 8 ਮਈ ਨੂੰ ਪੰਜਾਬ ਦੇ ਖਜ਼ਾਨਾ ਮੰਤਰੀ ਨਾਲ ਹੋਵੇਗੀ ਮੁਲਾਕਾਤ ਹੋਵੇਗੀ, ਜੇਕਰ ਮੰਗਾਂ ਨਾ ਮੰਨੀਆਂ ਤਾਂ ਹੋਵੇਗਾ ਵੱਡਾ ਸੰਘਰਸ਼ ਸ਼ੁਰੂ - ਪ੍ਰੇਮ ਸਾਗਰ ਸ਼ਰਮਾ

**ਸਮਰਾਲਾ/ਭੂਸ਼ਨ ਬਾਂਸਲ/ਸੁਨੀਲ ਅਗਰਵਾਲ**



ਬੜੀਆਂ ਆਸਾਂ ਲਈ ਬੈਠੇ ਬੁੱਢੇ ਬੀਮਾਰ ਪੈਨਸ਼ਨਰਜ਼ ਅਤੇ ਫੈਮਲੀ ਪੈਨਸ਼ਨਰਜ਼ ਮਾਨਯੋਗ ਭਗਵੰਤ ਮਾਨ ਦੀ ਆਗਾਈ ਹੇਠ ਬਣੀ 'ਆਮ ਆਦਮੀ ਪਾਰਟੀ' ਦੀ ਸਰਕਾਰ ਵਿੱਚ ਜ਼ਰੂਰ ਸੁਣਵਾਈ ਹੋਵੇਗੀ, ਇਸ ਗੱਲ ਦਾ ਪ੍ਰਗਟਾਵਾ ਪੰਜਾਬ ਰਾਜ ਪੈਨਸ਼ਨਰਜ਼ ਮਹਾਂ ਸੰਘ ਦੇ ਚੇਅਰਮੈਨ ਅਤੇ ਫਰੰਟ ਕਨਵੀਨਰ ਪ੍ਰੇਮ ਸਾਗਰ ਸ਼ਰਮਾ ਨੇ ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦੇ ਹੋਏ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਪਿਛਲੀ ਸਰਕਾਰ ਨੇ ਪੰਜਾਬ ਦੇ ਪੈਨਸ਼ਨਰਾਂ ਦੀਆਂ ਤਿੰਨ ਭਖਦੀਆਂ ਮੰਗਾਂ ਜਿਨ੍ਹਾਂ ਵਿੱਚ 2.59 ਦਾ ਗੁਣਾਂਕ, 34 ਪ੍ਰਤੀਸ਼ਤ ਮਹਿੰਗਾਈ ਭੱਤਾ ਅਤੇ ਕੈਸ਼ਲੈਸ ਸਿਸਟਮ ਆਫ਼ ਟਰੀਟਮੈਂਟ ਦੇ ਨੋਟੀਫਿਕੇਸ਼ਨ ਪੰਜਾਬ ਸਰਕਾਰ ਤੁਰੰਤ ਜਾਰੀ ਹੋਣਗੇ ਦੀ ਆਸ ਕਰਦੇ ਰਹੇ, ਪ੍ਰੰਤੂ ਪੈਨਸ਼ਨਰਾਂ ਦੀਆਂ ਸਭ ਆਸਾਂ ਨਦਾਰਦ ਹੋਈਆਂ। 6ਵੇਂ ਪੰਜਾਬ ਤਨਖਾਹ ਕਮਿਸ਼ਨ ਨੇ ਵੀ ਆਪਣੀਆਂ ਸਿਫਾਰਸ਼ਾਂ ਵਿੱਚ ਕਿਹਾ ਸੀ ਅਤੇ ਮਿਤੀ 18 ਜੂਨ 2021 ਨੂੰ ਉਸ ਸਮੇਂ ਦੀ ਕੈਬਨਿਟ ਨੇ ਵੀ 2.59 ਗੁਣਾਂਕ ਦੇਣਾ ਪਾਸ ਕੀਤਾ ਸੀ ਪਰ ਨਿਰਾਸ਼ਾ ਹੀ ਪੱਲੇ ਪਈ। ਕੇਂਦਰੀ ਸਰਕਾਰ ਦੇ ਪੈਟਰਨ ਤੇ 34 ਪ੍ਰਤੀਸ਼ਤ ਮਹਿੰਗਾਈ ਰਾਹਤ ਦੇ ਵੀ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਅਦਾਇਗੀ ਦੇ ਹੁਕਮ ਜਾਰੀ ਨਹੀਂ ਕੀਤੇ। ਬੜੇ ਦੁੱਖ ਦੀ ਗੱਲ ਹੈ ਕਿ ਮੁੱਖ ਮੰਤਰੀ ਭਗਭੰਤ ਮਾਨ ਵੱਲੋਂ ਸਰਕਾਰ ਬਣਨ ਤੋਂ ਪਹਿਲਾਂ ਕਿਹਾ ਜਾ ਰਿਹਾ ਸੀ ਕਿ ਹੁਣ ਧਰਨਿਆਂ, ਮੁਜ਼ਹਾਰਿਆਂ ਦੀ ਲੋੜ ਨਹੀਂ ਪਏਗੀ ਪਰ ਅਜੇ ਤੱਕ ਮੌਜੂਦਾ ਸਰਕਾਰ ਚੁੱਪੀ ਧਾਰੀ ਬੈਠੀ ਹੈ। ਹੁਣ ਪੰਜਾਬ ਭਰ ਦੇ ਪੈਨਸ਼ਨਰਾਂ ਵਿੱਚ ਨਿਰਾਸ਼ਾ ਅਤੇ ਗੁੱਸੇ ਦੀ ਲਹਿਰ ਦੌੜ ਗਈ ਹੈ। ਜਿਸ ਕਾਰਨ ਪੰਜਾਬ, ਯੂ.ਟੀ. ਮੁਲਾਜ਼ਮ ਅਤੇ ਪੈਨਸ਼ਨਰਜ਼ ਦਾ ਸਾਂਝਾ ਫਰੰਟ ਦਾ ਪੁਨਰ ਗਠਨ ਕਰਕੇ 'ਸਾਂਝਾ ਫਰੰਟ ਸਟੇਟ ਗਰੁੱਪ' ਬਣਿਆ ਹੈ ਜੋ ਕਿ 8 ਮਈ ਐਤਵਾਰ ਨੂੰ ਸੰਗਰੂਰ ਵਿਖੇ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਵੱਡੇ ਜਲੂਸ ਦੀ ਸ਼ਕਲ ਵਿੱਚ ਪਹੁੰਚ ਕੇ ਮੰਗਾਂ ਦਾ ਨਿਪਟਾਰਾ ਤੁਰੰਤ ਕਰਨ ਲਈ ਚਰਚਾ ਕਰੇਗਾ। ਜੇ ਵਿੱਤ ਮੰਤਰੀ ਪੰਜਾਬ ਨੇ ਪੈਨਸ਼ਨਰਾਂ ਦੀਆਂ ਅਤੇ ਮੁਲਾਜ਼ਮਾਂ ਦੀਆਂ ਮੰਗਾਂ ਜੋ ਕਿ ਅਤੀ ਜ਼ਰੂਰੀ ਹਨ ਅਤੇ ਪਿਛਲੀ ਸਰਕਾਰ ਸਮੇਂ ਵੀ ਨਹੀਂ ਮੰਨੀਆਂ ਸਨ, ਦੇ ਤੁਰੰਤ ਹੁਕਮ ਜਾਰੀ ਨਾ ਹੋਏ ਤਾਂ ਇਸ ਤੋਂ ਵੀ ਤਿੱਖਾ ਸੰਘਰਸ਼ ਛੇੜਿਆ ਜਾਵੇਗਾ।

# ਕਿਸਾਨਾਂ ਨੂੰ ਨਹੀਂ ਮਿਲ ਰਹੀ ਮੋਟਰਾਂ ਵਾਲੀ ਬਿਜਲੀ,ਮੱਕੀ,ਬਰਸੀਨ ਅਤੇ ਸਬਜੀਆਂ ਸੁੱਕ ਕੇ ਹੋਈਆਂ ਤਬਾਹ-ਸੁੱਖ ਗਿੱਲ ਪ੍ਰਧਾਨ ਬੀ.ਕੇ.ਯੂ ਪੰਜਾਬ



**ਮੋਗਾ/ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਪੰਜਾਬ ਵਿੱਚ ਨਵੀਂ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਆਮ ਲੋਕਾਂ ਨੂੰ ਬਹੁਤ ਉਮੀਦਾਂ ਸਨ,ਸਰਕਾਰ ਬਣਨ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਪੰਜਾਬ ਦੇ ਲੋਕਾਂ ਨੂੰ ਬਹੁਤ ਗਰੰਟੀਆਂ ਦਿੱਤੀਆਂ ਸਨ,ਜਿਨ੍ਹਾਂ ਵਿੱਚੋਂ ਇੱਕ ਗਾਰੰਟੀ ਪੰਜਾਬ ਦੇ ਲੋਕਾਂ ਨੂੰ ਮੁਫ਼ਤ ਅਤੇ 24 ਘੰਟੇ ਬਿਜਲੀ ਦੇਣਾ ਸੀ,ਹਰ ਮਹੀਨੇ 300 ਅਤੇ 2 ਮਹੀਨਿਆਂ ਦੀ 600 ਯੂਨਿਟ ਬਿਲਕੁਲ ਮੁਫ਼ਤ,ਪੁਰਾਣੇ ਬਕਾਏ,ਘਰੇਲੂ ਬਿੱਲ ਮੁਆਫ ਅਤੇ ਕੋਈ ਵੀ ਬਿਜਲੀ ਕੱਟ ਨਹੀਂ ਸੀ,ਪਰ ਅੱਜ ਇਸ ਦੇ ਉਲਟ ਹੋ ਰਿਹਾ ਹੈ 24 ਘੰਟੇ ਕੱਟ ਅਤੇ ਕੁਝ ਮਿੰਟ ਬਿਜਲੀ ਲੋਕਾਂ ਨੂੰ ਮਿਲ ਰਹੀ ਹੈ, ਇਹ ਵਿਚਾਰ ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਸੁੱਖ ਗਿੱਲ ਤੋਤਾ ਸਿੰਘ ਵਾਲਾ ਵੱਲੋਂ 66 ਕੇ ਵੀ ਬਿਜਲੀ ਘਰ ਫਤਿਹਗਡ਼੍ਹ ਪੰਜਤੂਰ ਜ਼ਿਲ੍ਹਾ ਮੋਗਾ ਵਿਖੇ ਮੋਟਰਾਂ ਵਾਲੀ ਥ੍ਰੀਫੇਸ ਬਿਜਲੀ ਨਾ ਮਿਲਣ ਕਰਕੇ ਬਿਜਲੀ ਮਹਿਕਮੇ ਦਾ ਵਿਰੋਧ ਕਰਨ ਸਮੇਂ ਪ੍ਰੈੱਸ ਨਾਲ ਸਾਂਝੇ ਕੀਤੇ,ਸੁੱਖ ਗਿੱਲ ਨੇ ਬੋਲਦਿਆਂ ਕਿਹਾ ਕਿ ਅੱਜ ਪਿੰਡ ਕੜਾਹੇਵਾਲਾ ਦੇ ਕਿਸਾਨਾਂ ਵੱਲੋਂ ਉਨ੍ਹਾਂ ਨੂੰ ਆਪਣਾ ਦਰਦ ਸੁਣਾਇਆ ਗਿਆ ਅਤੇ ਕਿਸਾਨਾਂ ਨੇ ਦੱਸਿਆ ਕਿ ਪੂਰਾ ਇੱਕ ਹਫ਼ਤਾ ਹੋ ਗਿਆ ਹੈ ਥ੍ਰੀਫੇਸ ਮੋਟਰਾਂ ਵਾਲੀ ਬਿਜਲੀ ਕਦੇ 5 ਅਤੇ ਕਦੇ 10 ਮਿੰਟ ਚੱਲਦੀ ਹੈ ਅਤੇ ਉਸ ਉਪਰੰਤ ਨੁਕਸਅਧੀਨ ਜਾਂ ਪਾਵਰ ਕੱਟ ਦਾ ਬਹਾਨਾ ਲਾ ਕੇ ਬਿਜਲੀ ਮੁਲਾਜ਼ਮ ਕਿਸਾਨਾਂ ਨੂੰ ਟਾਲ ਦਿੰਦੇ ਹਨ ਅਤੇ ਕਿਸਾਨਾਂ ਦੀਆਂ ਫ਼ਸਲਾਂ ਜਿਵੇਂ ਮੱਕੀ ,ਬਰਸੀਨ ਅਤੇ ਸਬਜ਼ੀਆਂ ਸੁੱਕ ਕੇ ਤਬਾਹ ਹੋਈਆਂ ਪਈਆਂ ਹਨ,ਕਿਸਾਨਾਂ ਨੇ ਦੱਸਿਆ ਇਹ ਬਿਜਲੀ ਮਹਿਕਮੇਂ ਦੇ ਵੱਖ-ਵੱਖ ਅਫ਼ਸਰਾਂ ਨੂੰ ਬੇਨਤੀਆਂ ਕਰਨ ਦੇ ਬਾਵਜੂਦ ਵੀ ਬਿਜਲੀ ਨਹੀਂ ਛੱਡੀ ਜਾਂਦੀ,ਉਲਟਾ ਉਹਨਾਂ ਵੱਲੋਂ ਇਹ ਜਵਾਬ ਦਿੱਤਾ ਜਾਂਦਾ ਹੈ ਕੇ ਪੰਜਾਬ ਸਰਕਾਰ ਕੋਲ ਕੋਈ ਸੁਚੱਜੇ ਪ੍ਰਬੰਧ ਨਹੀਂ ਹਨ ਤਾਂ ਕਰਕੇ ਅਸੀਂ ਕਿਸਾਨਾਂ ਨੂੰ ਬਿਜਲੀ ਸਪਲਾਈ ਨਈਂ ਦੇ ਸਕਦੇ, ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਆਗੂ ਸੁੱਖ ਗਿੱਲ ਵੱਲੋਂ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਗਈ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਜਾਂ ਤਾਂ ਬਿਜਲੀ ਦਾ ਸਿਸਟਮ ਸੁਧਾਰ ਲਿਆ ਜਾਵੇ ਨਹੀਂ ਬੀ ਕੇ ਯੂ ਪੰਜਾਬ ਅਤੇ ਪੰਜਾਬ ਦੇ ਕਿਸਾਨਾਂ ਵੱਲੋਂ ਥਾਂ-ਥਾਂ ਤੇ ਧਰਨੇ ਲਾ ਕੇ ਪੰਜਾਬ ਸਰਕਾਰ ਦੇ ਪੁਤਲੇ ਫੂਕੇ ਜਾਣਗੇ ਅਤੇ ਬਿਜਲੀ ਘਰਾਂ ਦਾ ਅਣਮਿੱਥੇ ਸਮੇਂ ਲਈ ਘਿਰਾਓ ਕੀਤਾ ਜਾਵੇਗਾ, ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਮਨ ਸਿੰਘ ਕੜਾਏਵਾਲਾ,ਜਗਸੀਰ ਸਿੰਘ ਸਰਾਂ,ਇਕਾਈ ਪ੍ਰਧਾਨ,ਬੇਅੰਤ ਸਿੰਘ ਕੜਾਹੇ ਵਾਲਾ,ਗੁਰਜੀਤ ਭਿੰਡਰ ਕੜਾਹੇ ਵਾਲਾ,ਰਣਜੀਤ ਸਿੰਘ ਤੋਤਾ ਸਿੰਘ ਵਾਲਾ,ਸੁੱਖਾ ਸਿੰਘ ਵਿਰਕ ਜ਼ਿਲ੍ਹਾ ਪ੍ਰਧਾਨ,ਜਸਵਿੰਦਰ ਸਿੰਘ ਮਨੇਸ ਖੰਭੇ,ਪੂਰਨ ਸਿੰਘ ਗਿੱਲ,ਤੌਹੜਾ ਸਿੰਘ ਕਿਸਾਨ ਆਗੂ,ਦਵਿੰਦਰ ਸਿੰਘ ਬੱਗੇ,ਬਲਵਿੰਦਰ ਗਿੱਲ ਕੰਨੀਆਂ,ਸੁਖਚੈਨ ਸਿੰਘ ਪੰਡੋਰੀ,ਭੁਪਿੰਦਰ ਸਿੰਘ ਰਸੂਲਪੁਰ,ਗੁਰਚਰਨ ਸਿੰਘ ਰਸੂਲਪੁਰ,ਸੁਖਵਿੰਦਰ ਸਿੰਘ ਬਹਿਰਾਮਕੇ ਇਕਾਈ ਪ੍ਰਧਾਨ, ਭਾਗ ਸਿੰਘ ਬਹਿਰਾਮਕੇ,ਦੀਪ ਸਿੰਘ ਕੜਾਹੇ ਵਾਲਾ,ਦੂੱਲਾ ਸਿੰਘ ਕੜਾਹੇ ਵਾਲਾ ਆਦਿ ਕਿਸਾਨ ਹਾਜ਼ਰ ਸਨ!

# ਜ਼ਿਲ੍ਹੇ ਦੇ ਸਮੂਹ 13 ਬਲਾਕਾਂ 'ਚ ਪਿੰਡ-ਪਿੰਡ ਜਾ ਕੇ ਬਣਾਏ ਜਾ ਰਹੇ ਹਨ ਮਗਨਰੇਗਾ ਜਾਬ ਕਾਰਡ : ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ)



**ਲੁਧਿਆਣਾ/ਸੁਖਚੈਨ ਮਹਿਰਾ, ਕਰਨ ਅੱਗਰਵਾਲ**

ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸ਼੍ਰੀ ਅਮਿਤ ਕੁਮਾਰ ਪੰਚਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹੇ ਦੇ ਸਮੂਹ 13 ਬਲਾਕਾਂ ਦੇ ਹਰ ਇੱਕ ਪਿੰਡ ਵਿੱਚ ਮਿਤੀ 22-04-2022 ਤੋਂ 29-04-2022 ਤੱਕ ਵਸਨੀਕਾਂ ਦੇ ਨਵੇਂ ਮਗਨਰੇਗਾ ਜਾਬ ਕਾਰਡ ਬਣਾਉਣ ਸਬੰਧੀ ਮੁਹਿੰਮ ਚਲਾਈ ਜਾ ਰਹੀ ਹੈ ਜਿਸਦੇ ਤਹਿਤ ਪਿੰਡ ਦੀ ਇਕ ਸਾਂਝੀ ਜਗ੍ਹਾ @ਤੇ ਯੋਗ ਲਾਭਪਾਤਰੀਆਂ ਦੇ ਜਾਬ ਕਾਰਡ ਬਣਾਏ ਜਾ ਰਹੇ ਹਨ।

ਵਧੀਕ ਡਿਪਟੀ ਕਮਿਸ਼ਨਰ ਸ੍ਰੀ ਪੰਚਾਲ ਨੇ ਅੱਗੇ ਦੱਸਿਆ ਕਿ ਪਿੰਡ ਦੇ ਲੋਕਾਂ ਨੂੰ ਇਸ ਸਬੰਧੀ ਜਾਣਕਾਰੀ ਦੇਣ ਲਈ ਅਨਾਊਂਸਮੈਂਟ ਕਰਵਾਈ ਜਾ ਰਹੀ ਹੈ ਅਤੇ ਕਾਰਡ ਬਣਾਉਣ ਲਈ ਲੋੜੀਂਦੇ ਦਸਤਾਵੇਜਾਂ ਦੀ ਜਾਣਕਾਰੀ ਵੀ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਮਿੱਥੀ ਗਈ ਤਰੀਕ ਨੂੰ ਉਸ ਸਾਂਝੀ ਜਗ੍ਹਾ ਤੇ ਮਗਨਰੇਗਾ ਦੇ ਮੁਲਾਜ਼ਮ, ਪਿੰਡ ਦੇ ਮੁਖੀ ਅਤੇ ਸਰਪੰਚ ਆਦਿ ਵੀ ਹਾਜ਼ਰ ਹੁੰਦੇ ਹਨ ਤਾਂ ਜੋ ਮੌਕੇ @ਤੇ ਹੀ ਦਸਤਾਵੇਜਾਂ ਦੀ ਤਸਦੀਕ ਕੀਤੀ ਜਾ ਸਕੇ, ਉਪਰੰਤ ਬੀ.ਡੀ.ਪੀ.ਓ. ਵੱਲੋਂ ਵੈਰੀਫਾਈ ਕਰਕੇ ਦਰਖਾਸਤਕਰਤਾ ਦਾ ਜਾਬ ਕਾਰਡ ਜਾਰੀ ਕੀਤਾ ਜਾਂਦਾ ਹੈ.

ਜ਼ਿਕਰਯੋਗ ਹੈ ਕਿ ਮਗਨਰੇਗਾ ਸਕੀਮ ਦਿਹਾਤੀ ਵਿਕਾਸ ਦੀ ਇੱਕ ਅਹਿਮ ਸਕੀਮ ਹੈ। ਜਿਸ ਵਿੱਚ ਪਿੰਡਾਂ ਦੇ ਅਕੁਸ਼ਲ ਲੋਕਾਂ ਨੂੰ ਮਗਨਰੇਗਾ ਅਧੀਨ ਰੋਜ਼ਗਾਰ ਮੁਹੱਇਆ ਕਰਵਾਇਆ ਜਾਂਦਾ ਹੈ ਅਤੇ ਉਨ੍ਹਾਂ ਤੋਂ ਮਗਨਰੇਗਾ ਅਧੀਨ ਕਰਵਾਏ ਜਾਣ ਵਾਲੇ ਪਿੰਡਾਂ ਦੇ ਵਿਕਾਸ ਸਬੰਧੀ ਕਾਰਜ ਅਧੀਨ ਲੇਬਰ ਦਾ ਕੰਮ ਕਰਵਾਇਆ ਜਾਂਦਾ ਹੈ। ਇਸ ਲਈ ਪਿੰਡਾਂ ਦੇ ਲੋਕਾਂ ਨੂੰ ਮਗਨਰੇਗਾ ਅਧੀਨ ਇਕ ਕਾਰਡ ਜਾਰੀ ਕੀਤਾ ਜਾਂਦਾ ਹੈ ਜਿਸ ਨਾਲ ਉਸ ਦੇ ਪੂਰੇ ਪਰਿਵਾਰ ਨੂੰ ਪੂਰੇ ਵਿੱਤੀ ਸਾਲ ਦੌਰਾਨ 100 ਦਿਨ ਦਾ ਰੋਜ਼ਗਾਰ ਮੁਹੱਈਆ ਕਰਵਾਇਆ ਜਾਂਦਾ ਹੈ ਜਿਸ ਨੂੰ ਜਾਬ ਕਾਰਡ ਕਿਹਾ ਜਾਂਦਾ ਹੈ।

ਇਸ ਮੁਹਿੰਮ ਸਬੰਧੀ ਹੋਰ ਜਾਣਕਾਰੀ ਸਾਂਝਾ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸ਼੍ਰੀ ਅਮਿਤ ਕੁਮਾਰ ਪੰਚਾਲ ਨੇ ਦਸਿਆ ਕਿ ਇਸ ਵਿੱਤੀ ਸਾਲ ਅਪ੍ਰੈਲ 2022 ਤੋਂ ਮਗਨਰੇਗਾ ਲਾਭਪਾਤਰੀਆਂ ਦੀ ਦਿਹਾੜੀ 269 ਰੁਪਏ ਤੋਂ ਵੱਧ ਕੇ 282 ਰੁਪਏ ਪ੍ਰਤੀ ਦਿਨ ਹੋ ਗਈ ਹੈ ਜਿਸ ਨਾਲ ਪਿੰਡ ਦੇ ਲੋਕਾਂ ਨੂੰ ਵੱਧ ਲਾਭ ਮਿਲੇਗਾ। ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਪ੍ਰਸ਼ਾਸ਼ਨ ਵੱਲੋਂ ਵੱਖ-ਵੱਖ ਪੇਂਡੂ ਖੇਤਰਾਂ ਨਾਲ ਸਬੰਧਤ ਵਿਧਾਇਕ ਸਾਹਿਬਾਨਾਂ ਅਤੇ ਹੋਰ ਸਿਆਸੀ ਆਗੂਆਂ ਨੂੰ ਵੀ ਅਪੀਲ ਕਰਦਿਆਂ ਕਿਹਾ ਗਿਆ ਕਿ ਇਸ ਮੁਹਿੰਮ ਦਾ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਵੇ ਤਾਂ ਜੋ ਲੋੜਵੰਦ ਲੋਕਾਂ ਇਸ ਦਾ ਲਾਹਾ ਲੈ ਸਕਣ। ਜ਼ਿਲ੍ਹਾ ਨੋਡਲ ਅਫਸਰ ਸ੍ਰੀਮਤੀ ਸੋਨੀਆ ਸ਼ਰਮਾ ਵੱਲੋਂ ਦਸਿਆ ਗਿਆ ਕਿ ਇਹ ਕਾਰਡ ਬਲਾਕ ਵਿਕਾਸ ਅਤੇ ਪੰਚਾਇਤ ਦਫਤਰ ਵਿਖੇ ਬਣਾਏ ਜਾਂਦੇ ਹਨ ਪਰੰਤੂ ਹੁਣ ਮਿਨੀਸਟਰੀ ਆਫ ਰੂਰਲ ਡਵੈਲਪਮੈਂਟ ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਜ਼ਿਲ੍ਹਾ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸ਼੍ਰੀ ਅਮਿਤ ਕੁਮਾਰ ਪੰਚਾਲ ਦੀ ਅਗੁਵਾਈ ਵਿੱਚ ਜ਼ਿਲ੍ਹੇ ਦੇ ਸਮੂਹ 13 ਬਲਾਕਾਂ ਦੇ ਹਰ ਇੱਕ ਪਿੰਡ ਵਿੱਚ ਬਣਾਏ ਜਾ ਰਹੇ ਹਨ। ਸ੍ਰੀਮਤੀ ਸੋਨੀਆ ਸ਼ਰਮਾ ਨੇ ਦੱਸਿਆ ਕਿ ਇਹ ਮੁਹਿੰਮ ਜ਼ਿਲ੍ਹਾ ਲੁਧਿਆਣਾ ਵੱਲੋਂ ਭਵਿੱਖ ਵਿੱਚ ਵੀ ਚਲਾਈ ਜਾਵੇਗੀ ਤਾਂ ਜੋ ਸਮੇਂ ਸਿਰ ਨਵੇਂ ਲੋਕਾਂ ਨੂੰ ਮਗਨਰੇਗਾ ਸਕੀਮ ਬਾਰੇ ਜਾਗਰੂਕ ਕੀਤਾ ਜਾ ਸਕੇ ਅਤੇ ਉਨ੍ਹਾਂ ਨੂੰ ਰੋਜ਼ਗਾਰ ਮੁਹੱਇਆ ਕਰਵਾਇਆ ਜਾ ਸਕੇ। ਇਨ੍ਹਾਂ ਕੈਂਪਾਂ ਵਿੱਚ ਪਿੰਡਾਂ ਦੇ ਲੋਕਾਂ ਵੱਲੋਂ ਵੱਧ ਚੜ ਕੇ ਹਿੱਸਾ ਵੀ ਲਿਆ ਜਾ ਰਿਹਾ ਹੈ।

# ਉੱਤਰੀ ਭਾਰਤ ਦੇ ਸੀਏ ਕਮਿਊਨਿਟੀ ਦਾ ਦੋ ਰੋਜ਼ਾ ਓਰੀਐਂਟੇਸ਼ਨ ਸੈਮੀਨਾਰ ਸਮਾਪਤ




**ਚੰਡੀਗੜ੍ਹ/ਲੋਕ ਬਾਣੀ**

ਦੇਸ਼ ਦੇ ਚਾਰ ਲੱਖ ਤੋਂ ਵੱਧ ਚਾਰਟਰਡ ਅਕਾਊਂਟੈਂਟਸ (ਸੀਏ) ਅਤੇ ਲਗਭਗ ਅੱਠ ਲੱਖ ਸੀਏ ਵਿਦਿਆਰਥੀਆਂ ਦੀ ਨੁਮਾਇੰਦਗੀ ਕਰਨ ਵਾਲੀ ਸਿਖਰਲੀ ਐਸੋਸੀਏਸ਼ਨ - ਦਿ ਇੰਸਟੀਚਿਊਟ ਆਫ਼ ਚਾਰਟਰਡ ਅਕਾਊਂਟੈਂਟਸ ਆਫ਼ ਇੰਡੀਆ (ਆਈਸੀਏਆਈ) ਐਨਆਈਆਰਸੀ ਦੁਆਰਾ ਚੰਡੀਗੜ੍ਹ ਵਿਖੇ ਦੋ-ਰੋਜ਼ਾ ਓਰੀਐਂਟੇਸ਼ਨ ਸੈਮੀਨਾਰ ਵੀਰਵਾਰ ਨੂੰ ਸਮਾਪਤ ਹੋਇਆ। ਉੱਤਰੀ ਭਾਰਤ ਦੇ ਵੱਖ-ਵੱਖ ਆਈਸੀਏਆਈ ਚੈਪਟਰਾਂ ਤੋਂ ਲਗਭਗ 100 ਨਵੇਂ ਚੁਣੇ ਗਏ ਸੀਏ ਕਾਰਜਕਾਰੀ ਮੈਂਬਰਾਂ ਨੇ ਇਸ ਵਿੱਚ ਭਾਗ ਲਿਆ, ਜੋ ਆਈਸੀਏਆਈ ਦੀ ਕਾਰਜਸ਼ੈਲੀ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਤੋਂ ਜਾਣੂ ਹੋਏ ਅਤੇ ਇਸਨੂੰ ਆਪਣੇ ਚੈਪਟਰਾਂ ਵਿੱਚ ਪ੍ਰਭਾਵਸ਼ਾਲੀ ਬਣਾਉਣਗੇ।

ਆਈਸੀਏਆਈ ਦੇ ਨੈਸ਼ਨਲ ਵਾਇਸ ਪ੍ਰੇਜੀਡੇਂਟ ਅਨਿਕੇਤ ਤਲਾਟੀ ਨੇ ਆਈਸੀਏਆਈ ਦੁਆਰਾ ਹਾਲ ਹੀ ਦੇ ਵਿਕਾਸ ਕਾਰਜਾਂ ਅਤੇ ਰੋਡਮੈਪ @ਤੇ ਆਪਣੇ ਵਿਚਾਰ ਪ੍ਰਗਟ ਕੀਤੇ। ਉਸਨੇ ਰਾਸ਼ਟਰ ਨਿਰਮਾਣ ਵਿੱਚ ਇੱਕ ਸੱਚੇ ਭਾਗੀਦਾਰ ਬਣਨ, ਸੀਏ ਦੇ ਵਿਦਿਆਰਥੀਆਂ ਨੂੰ ਸਸ਼ਕਤ ਬਣਾਉਣ ਅਤੇ ਸੀਏ ਪੇਸ਼ੇਵਰਾਂ ਨੂੰ @ਸੁਤੰਤਰ, ਅਟੁੱਟ ਅਤੇ ਸ਼ਾਨਦਾਰ@ ਰੱਖਣ ਦੇ ਆਪਣੇ ਮਿਸ਼ਨ ਤਹਿਤ ਕੀਤੀਆਂ ਜਾ ਰਹੀਆਂ ਪਹਿਲਕਦਮੀਆਂ ਬਾਰੇ ਵਿਸਥਾਰ ਨਾਲ ਦੱਸਿਆ।

ਉਸਨੇ ਦੇਸ਼ ਦੀ ਡਿਜੀਟਲ ਅਰਥਵਿਵਸਥਾ ਨੂੰ ਉਤਸ਼ਾਹਿਤ ਕਰਨ ਵਿੱਚ ਆਈਸੀਏਆਈ ਦੇ ਸਭ ਤੋਂ ਅੱਗੇ ਹੋਣ ਅਤੇ ਡਿਜੀਟਲ ਲਰਨਿੰਗ ਹੱਬ, ਯੂਡੀਆਈਐਨ, ਸੈਲਫ ਸਰਵਿਸ ਪੋਰਟਲ ਅਤੇ ਵਿੱਤੀ ਸਾਖਰਤਾ ਡਰਾਈਵ ਵਰਗੀਆਂ ਹੋਰ ਪਹਿਲਕਦਮੀਆਂ ਵਿੱਚ ਇਸਦੇ ਯੋਗਦਾਨ ਬਾਰੇ ਚਰਚਾ ਕੀਤੀ।

# ਸ਼ਾਂਤੀ ਦੇਵੀ ਆਰੀਆ ਮਹਿਲਾ ਕਾਲਜ ਐਮ ਐਸ ਸੀ ਪਹਿਲੇ ਸਮੈਸਟਰ ਦਾ ਨਤੀਜਾ ਰਿਹਾ ਸ਼ਾਨਦਾਰ

**ਦੀਨਾਨਗਰ/ਡਾ.ਰਮੇਸ਼ ਸਰੰਗਲ:-** ਸ਼ਾਤੀ ਦੇਵੀ ਆਰੀਆ ਮਹਿਲਾ ਕਾਲਜ ਦੀਨਾਨਗਰ ਦੇ ਐਮ ਐਸ ਸੀ (ਸੀ ਐਸ ) ਪਹਿਲੇ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਜਾਣਕਾਰੀ ਦਿੰਦੇ ਹੋਏ ਕਾਲਜ ਦੀ ਪ੍ਰਿੰਸੀਪਲ ਡਾ ਰੀਨਾ ਤਲਵਾਰ ਨੇ ਦੱਸਿਆ ਕਿ ਅਨੀਮਾ ਮਹਾਜਨ ਨੇ 600 ਵਿੱਚੋਂ 552 ਨੰਬਰ ਲੈ ਕੇ ਯੂਨੀਵਰਸਿਟੀ ਚੋਂ 7ਵਾਂ ਹਰਕੀਰਤ ਕੋਰ ਨੇ 550 ਨੰਬਰ ਲੈ ਕੇ ਯੂਨੀਵਰਸਿਟੀ ਚੋ 8ਵਾਂ ਅਤੇ ਮਹਿਕਪ੍ਰੀਤ ਕੋਰ ਨੇ 547 ਨੰਬਰ ਲੈ ਯੂਨੀਵਰਸਿਟੀ ਵਿੱਚੋਂ 10ਵਾਂ ਸਥਾਨ ਹਾਸਲ ਕੀਤਾ ਹੈ।ਕਾਲਜ ਪ੍ਰਿੰਸੀਪਲ ਡਾ ਰੀਨਾ ਤਲਵਾਰ ਨੇ ਪੁਜੀਸ਼ਨਾਂ ਹਾਸਿਲ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਹੈ।



ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ,ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,







# ਕੈਂਸਰ ਰੋਗੀਆਂ ਲਈ ਆਸ ਦੀ ਕਿਰਣ 'ਬਾਡੀਰਿਵਾਈਵਲ'

**ਚੰਡੀਗੜ੍ਹ/ਲੋਕ ਬਾਣੀ**

ਸੰਸਾਰ ਪੱਧਰੀ ਮਹਾਮਾਰੀ ਨੇ ਲੋਕਾਂ ਦੀ ਆਯੁਰਵੇਦ @ਚ ਰੁਚੀ ਵਧਾ ਦਿੱਤੀ ਹੈ । ਲੋਕਾਂ ਨੇ ਹੁਣ ਬੀਮਾਰੀਆਂ ਨਾਲ ਨਜਿੱਠਣ ਲਈ ਇਸਦੇ ਪ੍ਰਯੋਗ @ਤੇ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਹੈ । ਸਿਹਤ ਦੇ ਮੋਰਚੇ @ਤੇ ਹਰ ਵਿਅਕਤੀ ਦੀ ਪਹਿਲ ਬਿਨਾਂ ਕਿਸੇ ਮਾੜੇ ਪ੍ਰਭਾਵ ਦੇ ਕੁਦਰਤੀ ਰੂਪ ਨਾਲ ਠੀਕ ਹੋਣ ਦੀ ਹੈ । ਇੱਥੇ ਇਹ ਸਮਝਣਾ ਜਰੂਰੀ ਹੈ ਕਿ ਸਾਡੇ ਸਰੀਰ @ਚ ਹੀ ਉਹ ਸਭ ਹੈ, ਜਿਨ੍ਹਾਂ @ਤੇ ਹਰ ਤਰ੍ਹਾਂ ਦੀਆਂ ਇਲਾਜ ਪੱਧਤਰੀਆਂ ਨਿਰਭਰ ਕਰਦੀਆਂ ਹਨ । ਅਸਚ @ਚ, ਸਭ ਕੁਝ ਸਾਡੇ ਸਰੀਰ ਦੀ ਰੋਗ ਪ੍ਰਤੀਰੋਧਕ ਸ਼ਕਤੀ @ਤੇ ਨਿਰਭਰ ਕਰਦਾ ਹੈ, ਜਿਸ ਨੂੰ ਵਿਗਿਆਨ ਦੀ ਭਾਸ਼ਾ @ਚ @ਇਮਯੂਨਿਟੀ@ ਕਹਿੰਦੇ ਹਨ । ਇਸ @ਇਮਯੂਨਿਟੀ@ ਦੇ ਆਲ੍ਹੇ ਦੁਆਲੇ ਹੀ ਇਲਾਜ ਦੀਆਂ ਸਾਰੀਆਂ ਪੱਧਤੀਆਂ ਕੇਂਦਰਿਤ ਹਨ । ਜੇਕਰ ਸਰੀਰ ਦੀ ਰੋਗ ਪ੍ਰਤੀਰੋਧਕ ਸ਼ਕਤੀ ਮਜਬੂਤ ਹੋਵੇ ਤਾਂ ਵਿਅਕਤੀ ਬੀਮਾਰੀਆਂ ਨਾਲ ਖੁਦ ਹੀ ਲੜਨ ਅਤੇ ਜਿੱਤਣ @ਚ ਸਮਰੱਥ ਹੁੰਦਾ ਹੈ । ਮਸ਼ਹੂਰ ਵਿਗਿਆਨਕ ਅਤੇ ਆਵਿਸ਼ਕਾਰਕ ਸ੍ਰੀ ਮੁਨੀਰ ਖਾਨ ਨੇ ਇਸ ਤੱਕ ਨੂੰ ਕੇਂਦਰ @ਚ ਰੱਖਦੇ ਹੋਏ ਲੰਮੀਂ ਰਿਸਰਚ ਕੀਤੀ ਹੈ । ਬਾਡੀਰਿਵਾਈਵਲ ਦਾ ਆਵਿਸ਼ਕਾਰ ਕਰਨ ਦੇ ਬਾਅਦ ਸ੍ਰੀ ਮੁਨੀਰ ਖਾਨ ਨੇ ਕੈਂਸਰ ਜਿਹੀ ਪੁਰਾਣੀ ਬੀਮਾਰੀ ਦੇ ਰੋਗੀਆਂ ਨੂੰ ਠੀਕ ਕਰਨ ਦੇ ਲਈ ਆਪਣਾ ਮਿਸ਼ਨ ਸ਼ੁਰੂ ਕੀਤਾ । ਪਿਛਲੇ 25 ਸਾਲਾਂ @ਚ @ਬਾਡੀਰਿਵਾਈਵਲ@ ਨੇ ਚੌਂਕਾਉਣ ਵਾਲੇ ਨਤੀਜੇ ਦਿੱਤੇ । ਇਹ ਉਤਸਰਜਨ ਦੇ ਮਾਧਿਅਮ ਨਾਲ ਜਹਿਰੀਲੇ ਪਦਾਰਥਾਂ ਨੂੰ ਬਾਹਰ ਕੱਢਦਾ ਹੈ, ਸਿਹਤਮੰਤ ਉਤਕਾਂ ਅਤੇ ਕੋਸ਼ਿਕਾਵਾਂ ਦੇ ਪੁਨਰਜਨਮ ਨੂੰ ਉਤਸਾਹਿਤ ਕਰਦਾ ਹੈ, ਸਰੀਰ ਤੋਂ ਵਿਸ਼ਹਰਣ, ਖੂਨ ਸੋਧ ਅਤੇ ਰੋਗਗ੍ਰਸਤ ਕੋਸ਼ਿਕਾਵਾਂ ਦੀ ਮੁਰੰਮਤ ਕਰਦਾ ਹੈ । ਪੱਛਮੀ ਬੰਗਾਲ ਸਰਕਾਰ ਦੇ ਪੋਸਟ ਗ੍ਰੇਜੁਏਟ ਮੈਡੀਕਲ ਐਜੁਕੇਸ਼ਨ ਰਿਸਰਚ ਇੰਸਟੀਟਿਊਟ @ਚ @ਬਾਡੀਰਿਵਾਈਵਲ@ ਦਾ ਮੈਡੀਕਲ ਪਰੀਖਣ ਕੀਤਾ ਗਿਆ ਹੈ । ਇੱਥੇ ਮਿਆਰੀ ਭਾਰਤੀ ਹਰਬਲ ਫਾਰਮੂਲੇਸ਼ਨ ਦੀ ਇਮਯੂਨੋਪੋਟੈਂਸ਼ੀਅਨ ਕ੍ਰਿਆ ਨਾਲ ਸਰੀਰ ਦੀ ਬਹਾਲੀ ਦਾ ਸਫਲਤਾਪੂਰਵਕ ਮੂਲਾਂਕਣ ਕੀਤਾ ਗਿਆ । @ਬਾਡੀਰਿਵਾਈਵਲ@ ਪਿਛਲੇ 25 ਸਾਲਾਂ ਤੋਂ ਲੋਕਾਂ ਨੂੰ ਜ਼ਿੰਦਗੀ ਦਪ ਇੱਕ ਨਵੀਂ ਆਸ ਦੇ ਰਿਹਾ ਹੈ । ਇਸ ਨਾਲ ਹੁਣ ਤੱਕ ਇੱਕ ਲੱਖ ਨਾਲੋਂ ਜਿਆਦਾ ਕੈਂਸਰ ਪੀੜ੍ਹਿਤ ਲੋਕਾਂ ਦਾ ਇਲਾਜ ਕੀਤਾ ਜਾ ਚੁੱਕਿਆ ਹੈ ।

# ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 'ਮੇਰੀ ਕਲਮ - ਮੇਰੀ ਤਾਕਤ' ਪਹਿਲਕਦਮੀ ਤਹਿਤ ਲੋੜਵੰਦ ਬੱਚਿਆਂ ਨੂੰ ਵੰਡੀਆਂ 1 ਲੱਖ ਪੈਨਸਿਲਾਂ

**ਲੁਧਿਆਣਾ/ਸੁਖਚੈਨ ਮਹਿਰਾ , ਵਰਿੰਦਰ ਪ੍ਰਕਾਸ਼ ਭਾਂਬਰੀ**

ਜ਼ਿਲ੍ਹਾ ਪ੍ਰਸਾਸ਼ਨ ਲੁਧਿਆਣਾ ਵੱਲੋਂ @ਮੇਰੀ ਕਲਮ - ਮੇਰੀ ਤਾਕਤ@ ਪਹਿਲਕਦਮੀ ਤਹਿਤ ਵੱਖ-ਵੱਖ ਅਨਾਥ ਆਸ਼ਰਮਾਂ, ਝੁੱਗੀਆਂ ਆਦਿ ਵਿੱਚ ਰਹਿੰਦੇ ਲੋੜਵੰਦ ਬੱਚਿਆਂ ਨੂੰ ਲਗਭਗ 1 ਲੱਖ ਪੈਨਸਿਲਾਂ ਵੰਡੀਆਂ ਗਈਆਂ। ਡਿਪਟੀ ਕਮਿਸ਼ਨਰ ਸ੍ਰੀਮਤੀ ਸੁਰਭੀ ਮਲਿਕ ਵੱਲੋਂ ਰੈੱਡ ਕਰਾਸ ਬਾਲ ਭਵਨ, ਸਰਾਭਾ ਨਗਰ, ਲੁਧਿਆਣਾ ਤੋਂ ਇਸ ਪ੍ਰੋਜੈਕਟ ਦੀ ਸ਼ੁਰੂਆਤ ਕਰਨ ਉਪਰੰਤ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਵੱਖ-ਵੱਖ ਅਨਾਥ ਆਸ਼ਰਮਾਂ ਅਤੇ ਝੁੱਗੀਆਂ-ਝੌਂਪੜੀਆਂ ਦਾ ਦੌਰਾ ਕੀਤਾ, ਜਿੱਥੇ ਵਸਦੇ ਲੋੜਵੰਦ ਬੱਚਿਆਂ ਨੂੰ ਇਹ ਪੈਨਸਿਲਾਂ ਵੰਡੀਆਂ ਗਈਆਂ। ਸ੍ਰੀਮਤੀ ਸੁਰਭੀ ਮਲਿਕ ਵੱਲੋਂ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸ੍ਰੀ ਅਮਿਤ ਕੁਮਾਰ ਪੰਚਾਲ ਅਤੇ ਸਹਾਇਕ ਕਮਿਸ਼ਨਰ (ਅੰਡਰ ਟਰੇਨਿੰਗ) ਡਾ. ਹਰਜਿੰਦਰ ਸਿੰਘ ਬੇਦੀ ਦੇ ਇਸ ਅਹਿਮ ਵਿਚਾਰ ਲਈ ਵੀ ਸ਼ਲਾਘਾ ਕੀਤੀ। ਉਨ੍ਹਾਂ ਇਸ ਨੇਕ ਕਾਰਜ ਲਈ ਦਾਨ ਦੇਣ ਲਈ ਉੱਘੇ ਪੰਜਾਬੀ ਕਵੀ ਪ੍ਰੋ. ਗੁਰਭਜਨ ਗਿੱਲ, ਜਗਦੀਸ਼ ਪਾਲ ਸਿੰਘ ਗਰੇਵਾਲ, ਸਰਪੰਚ ਪਿੰਡ ਦਾਦ ਅਤੇ ਹੋਰ ਦਾਨੀ ਸੱਜਣਾਂ ਦੀ ਵੀ ਸ਼ਲਾਘਾ ਕੀਤੀ। ਇਸ ਮੌਕੇ ਉਨ੍ਹਾਂ ਇਸ ਸੰਸਥਾ ਦੇ ਵਿਦਿਆਰਥੀਆਂ ਨਾਲ ਗੱਲਬਾਤ ਵੀ ਕੀਤੀ ਅਤੇ ਉਨ੍ਹਾਂ ਨੂੰ ਜ਼ਿੰਦਗੀ ਵਿੱਚ ਨਵੀਆਂ ਉਚਾਈਆਂ ਹਾਸਲ ਕਰਨ ਲਈ ਸਖ਼ਤ ਮਿਹਨਤ ਕਰਨ ਦੀ ਅਪੀਲ ਕੀਤੀ। ਉਨ੍ਹਾਂ ਬੱਚਿਆਂ ਨੂੰ ਮੁਸ਼ਕਿਲ ਹਾਲਾਤਾਂ ਵਿੱਚ ਵੀ ਸਕਾਰਾਤਮਕ ਰਹਿਣ ਲਈ ਪ੍ਰੇਰਿਤ ਕੀਤਾ। ਡਾ. ਹਰਜਿੰਦਰ ਸਿੰਘ ਬੇਦੀ ਨੇ ਕਿਹਾ ਕਿ ਜਲਦ ਹੀ ਜ਼ਿਲ੍ਹਾ ਪ੍ਰਸ਼ਾਸਨ ਲੁਧਿਆਣਾ ਵੱਲੋਂ ਅਜਿਹੇ ਹੋਰ ਉਪਰਾਲੇ ਸ਼ੁਰੂ ਕੀਤੇ ਜਾਣਗੇ।



ਉਨ੍ਹਾਂ ਸਮੂਹ ਲੁਧਿਆਣਾ ਨਿਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਅਜਿਹੇ ਸਮਾਜ ਸੇਵੀ ਕੰਮਾਂ ਲਈ ਤਹਿਦਿਲੋਂ ਸਹਿਯੋਗ ਕਰਨ। ਜ਼ਿਕਰਯੋਗ ਹੈ ਕਿ 26 ਅਪ੍ਰੈਲ, 2022 ਨੂੰ @ਵੇਸਟ ਵੈਲਥ - ਗਿਵ ਐਂਡ ਟੇਕ@ ਸਲੋਗਨ ਹੇਠ ਜ਼ਿਲ੍ਹਾ ਪ੍ਰਸ਼ਾਸਨ ਲੁਧਿਆਣਾ ਵੱਲੋਂ ਇੱਕ ਨਿਵੇਕਲੀ ਪਹਿਲਕਦਮੀ ਸ਼ੁਰੂ ਕੀਤੀ ਗਈ ਸੀ, ਜਿਸਦੇ ਤਹਿਤ ਸਥਾਨਕ ਦਫ਼ਤਰ ਡਿਪਟੀ ਕਮਿਸ਼ਨਰ ਦੇ ਦਰਵਾਜ਼ੇ ਦੇ ਬਾਹਰ ਇੱਕ @ਡੋਨੇਸ਼ਨ ਕਾਰਨਰ@ ਸਥਾਪਤ ਕੀਤਾ ਗਿਆ ਸੀ। ਇਸ ਡੋਨੇਸ਼ਨ ਕਾਰਨਰ ਵਿੱਚ, ਨਿਵਾਸੀ ਲੋੜਵੰਦ ਬੱਚਿਆਂ ਲਈ ਸਟੇਸ਼ਨਰੀ ਸਮਾਨ ਅਤੇ ਖਿਡੌਣੇ ਦਾਨ ਕਰ ਸਕਦੇ ਹਨ, ਜੋ ਅੱਗੇ ਜਰੂਰਤਮੰਦ ਬੱਚਿਆਂ ਨੂੰ ਵੰਡੇ ਜਾਣਗੇ। ਇਸ @ਡੋਨੇਸ਼ਨ ਕਾਰਨਰ@ ਵਿੱਚ @ਸਟੇਸ਼ਨਰੀ ਏ.ਟੀ.ਐਮ. ਅਤੇ @ਖਿਡੌਣਿਆਂ ਵਾਲਾ ਬੈਂਕ@ ਸ਼ਾਮਲ ਹਨ। @ਸਟੇਸ਼ਨਰੀ ਏ.ਟੀ.ਐਮ. ਝੁੱਗੀ-ਝੌਂਪੜੀ ਵਿੱਚ ਰਹਿੰਦੇ ਬੱਚਿਆਂ, ਅਨਾਥ ਆਸ਼ਰਮਾਂ ਵਿੱਚ ਰਹਿਣ ਵਾਲੇ ਅਤੇ ਲੋੜਵੰਦ ਬੱਚਿਆਂ ਦੀਆਂ ਲੋੜਾਂ ਨੂੰ ਪੂਰਾ ਕਰੇਗਾ। ਨਿਵਾਸੀ ਨਵੀਂ/ਪੁਰਾਣੀ ਸਟੇਸ਼ਨਰੀ ਵਸਤੂਆਂ ਜਿਵੇਂ ਕਿ ਪੈਨਸਿਲ, ਸ਼ਾਰਪਨਰ, ਇਰੇਜ਼ਰ, ਪੈਨ, ਰੰਗ, ਨੋਟਬੁੱਕ, ਰਜਿਸਟਰ, ਖਾਲੀ ਕਾਗਜ਼, ਬੱਚਿਆਂ ਦੀਆਂ ਕਿਤਾਬਾਂ ਆਦਿ ਦਾਨ ਕਰ ਸਕਦੇ ਹਨ। @ਸਟੇਸ਼ਨਰੀ ਏ.ਟੀ.ਐਮ. ਜ਼ਿਲ੍ਹਾ ਪ੍ਰਸ਼ਾਸਨ ਨੂੰ ਘਰਾਂ ਅਤੇ ਦਫ਼ਤਰਾਂ ਵਿੱਚ ਵਰਤੀਆਂ ਜਾਣ ਵਾਲੀਆਂ ਵਸਤੂਆਂ ਨੂੰ ਲੋੜਵੰਦਾਂ ਤੱਕ ਪਹੁੰਚਾਉਣ ਵਿੱਚ ਸਹਾਈ ਸਿੱਧ ਹੋਵੇਗਾ। ਹੁਨਰ ਹੱਟ ਲੁਧਿਆਣਾ ਵੱਲੋਂ ਇਹ ਸਾਰੀਆਂ ਵਸਤਾਂ ਇਕੱਠੀਆਂ ਅਤੇ ਸਾਫ਼ ਕੀਤੀਆਂ ਜਾਣਗੀਆਂ ਅਤੇ ਅੱਗੇ ਝੁੱਗੀ-ਝੌਂਪੜੀ ਵਿੱਚ ਰਹਿੰਦੇ ਬੱਚਿਆਂ, ਅਨਾਥ ਆਸ਼ਰਮਾਂ, ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਗਰੀਬ ਬੱਚਿਆਂ ਆਦਿ ਨੂੰ ਦਾਨ ਕੀਤੀਆਂ ਜਾਣਗੀਆਂ। @ਖਿਡੌਣੇ ਵਾਲਾ ਬੈਂਕ@ ਨਿਵਾਸੀਆਂ ਨੂੰ ਆਪਣੇ ਬੱਚਿਆਂ ਜਾਂ ਪੋਤੇ-ਪੋਤੀਆਂ ਦੇ ਖਿਡੌਣੇ ਦਾਨ ਕਰਨ ਦੀ ਸਹੂਲਤ ਪ੍ਰਦਾਨ ਕਰੇਗਾ ਜੋ ਹੁਨਰ ਹੱਟ ਦੁਆਰਾ ਮੁਰੰਮਤ ਕਰਨ ਤੋਂ ਬਾਅਦ ਅੱਗੇ ਆਂਗਨਵਾੜੀ, ਝੁੱਗੀ-ਝੌਂਪੜੀ ਵਿੱਚ ਰਹਿੰਦੇ ਬੱਚਿਆਂ, ਅਨਾਥ ਆਸ਼ਰਮਾਂ ਦੇ ਬੱਚਿਆਂ ਅਤੇ ਹੋਰ ਲੋੜਵੰਦ ਬੱਚਿਆਂ ਨੂੰ ਦਾਨ ਕੀਤੇ ਜਾਣਗੇ। ਲੋੜਵੰਦ ਮਾਪੇ, ਦੇਖਭਾਲ ਕਰਨ ਵਾਲੇ ਆਦਿ ਵੀ ਇਹ ਖਿਡੌਣੇ ਲੋੜ ਪੈਣ @ਤੇ ਲੈ ਸਕਦੇ ਹਨ ਪਰ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਨਾਲ ਆਉਣਾ ਲਾਜ਼ਮੀ ਹੋਵੇਗਾ।

# ਤੂੜੀ ਵਾਲੀ ਮਸ਼ੀਨ ਵਿੱਚ ਆਉਣ ਕਾਰਨ ਕਿਸਾਨ ਗੁਰਚਰਨ ਸਿੰਘ ਦੀ ਦਰਦਨਾਕ ਮੌਤ

**ਮੋਗਾ/ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਬੀਤੀ ਦੇਰ ਰਾਤ ਤਕਰੀਬਨ ਅੱਠ ਨੌਂ ਵਜੇ ਕਿਸਾਨ ਗੁਰਚਰਨ ਸਿੰਘ ਉਰਫ ਮੰਨਾ ਪੁੱਤਰ ਬਲਵਿੰਦਰ ਸਿੰਘ ਵਾਸੀ ਬੱਗੇ ਜ਼ਿਲ੍ਹਾ ਮੋਗਾ ਉਮਰ ਤਕਰੀਬਨ ਤੇਈ ਸਾਲ ਆਪਣੇ ਪਰਿਵਾਰ ਦਾ ਗੁਜ਼ਾਰਾ ਕਰਨ ਲਈ ਤੂੜੀ ਵਾਲੀ ਮਸ਼ੀਨ ਕਿਰਾਏ ਤੇ ਲੈ ਕੇ ਖੇਤਾਂ ਵਿੱਚ ਤੂੜੀ ਬਣਾ ਰਿਹਾ ਸੀ ਅਤੇ ਜਦੋਂ ਤੂੜੀ ਵਾਲੀ ਮਸ਼ੀਨ ਦਾ ਕੰਮ ਖਤਮ ਹੋਇਆ ਤਾਂ



ਗੁਰਚਰਨ ਸਿੰਘ ਮਸ਼ੀਨ ਦੀ ਸਫ਼ਾਈ ਕਰਨ ਲੱਗਾ ਮਸ਼ੀਨ ਦੀ ਸਫ਼ਾਈ ਕਰਦਿਆਂ ਅਚਾਨਕ ਉਹ ਤੂੜੀ ਵਾਲੀ ਮਸ਼ੀਨ ਦੀ ਲਪੇਟ ਵਿੱਚ ਆ ਗਿਆ ਤੇ ਉਸ ਦੀ ਇਸ ਦਰਦਨਾਕ ਹਾਦਸੇ ਵਿੱਚ ਮੌਤ ਹੋ ਗਈ ਜਦੋਂ ਇਸ ਘਟਨਾ ਦਾ ਪਿੰਡ ਵਾਸੀਆਂ ਨੂੰ ਪਤਾ ਲੱਗਾ ਤਾਂ ਪਿੰਡ ਵਿਚ ਸੋਗ ਦੀ ਲਹਿਰ ਛਾ ਗਈ ਇੱਥੇ ਦੱਸ ਦੇਈਏ ਕਿ ਗੁਰਚਰਨ ਸਿੰਘ ਆਪਣੇ ਮਾਤਾ ਪਿਤਾ ਦਾ ਇਕਲੌਤਾ ਪੁੱਤਰ ਸੀ ਅਤੇ ਉਸਦੀ ਵੱਡੀ ਭੈਣ ਵਿਆਹੀ ਹੋਈ ਹੈ ਅਤੇ ਗੁਰਚਰਨ ਸਿੰਘ ਹੀ ਆਪਣੀ ਮਿਹਨਤ ਨਾਲ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾਉਂਦਾ ਸੀ

# ਸ਼ਹਿਰ ਵਾਸੀਆਂ ਨੂੰ ਸੁਰੱਖਿਆ ਪ੍ਰਦਾਨ ਕਰਨ ਲਈ 24 ਘੰਟੇ ਪੁਲਿਸ ਦੀ ਗਸ਼ਤ ਵਧਾਈ ਜਾ ਰਹੀ ਹੈ

**ਲੁਧਿਆਣਾ/ਸੁਖਚੈਨ ਮਹਿਰਾ**

ਸ਼ਹਿਰ ਵਿੱਚ ਵੱਧ ਰਹੀਆਂ ਵਾਰਦਾਤਾਂ ਨੂੰ ਰੋਕਣ ਲਈ ਵਿਸ਼ੇਸ਼ ਪੀ.ਸੀ.ਆਰ ਦਸਤੇ ਤਾਇਨਾਤ ਕੀਤੇ ਜਾ ਰਹੇ ਹਨ। ਇਸ ਦੇ ਨਾਲ ਹੀ ਸ਼ਹਿਰ ਵਾਸੀਆਂ ਨੂੰ ਸੁਰੱਖਿਆ ਪ੍ਰਦਾਨ ਕਰਨ ਲਈ 24 ਘੰਟੇ ਪੁਲਿਸ ਦੀ ਗਸ਼ਤ ਵਧਾਈ ਜਾ ਰਹੀ ਹੈ। ਬੁੱਧਵਾਰ ਦੇਰ ਰਾਤ ਰੇਲਵੇ ਸਟੇਸ਼ਨ @ਤੇ ਪੀਸੀਆਰ ਲੁਧਿਆਣਾ ਦੇ ਇੰਚਾਰਜ ਸੌਦਾਗਰ ਅਲੀ ਨੇ ਪੀਸੀਆਰ ਦਸਤੇ ਦੀ ਕਲਾਸ ਲੈਂਦਿਆਂ ਉਨ੍ਹਾਂ ਨੂੰ ਹਰ ਸਮੇਂ ਚੌਕਸ ਰਹਿਣ ਲਈ ਕਿਹਾ।




ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਜ਼ੋਨ-ਵਾਰ ਗਸ਼ਤ ਕੀਤੀ ਜਾ ਰਹੀ ਹੈ ਤਾਂ ਜੋ ਸ਼ਹਿਰ ਦਾ ਹਰ ਨਾਕਾ ਸੁਰੱਖਿਅਤ ਰਹੇ ਅਤੇ ਘਟਨਾਵਾਂ ਨੂੰ ਕਾਬੂ ਕੀਤਾ ਜਾ ਸਕੇ। ਪੀਸੀਆਰ ਦਸਤੇ ਘੰਟਾ ਘਰ, ਜਲੰਧਰ ਬਾਈਪਾਸ, ਚੌੜਾ ਬਾਜ਼ਾਰ, ਬਹਾਦਰ ਰੋਡ, ਸਲੇਮ ਟਾਬਰੀ ਆਦਿ ਵਿੱਚ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ ਗਸ਼ਤ ਕਰਨਗੇ। ਇਸ ਦੇ ਨਾਲ ਹੀ ਰਾਤ ਦੇ ਸਮੇਂ ਵੀ ਉਸੇ ਟਾਈਮ ਟੇਬਲ ਅਨੁਸਾਰ ਕੰਮ ਕੀਤਾ ਜਾਵੇਗਾ।ਰੇਲਵੇ ਸਟੇਸ਼ਨ @ਤੇ ਵੱਧ ਰਹੀਆਂ ਚੋਰੀਆਂ ਅਤੇ ਲੁੱਟ-ਖੋਹ ਦੀਆਂ ਘਟਨਾਵਾਂ @ਤੇ ਕਾਬੂ ਪਾਉਣ ਲਈ ਪੁਲਿਸ ਥਾਣਾ ਜੀਆਰਪੀ ਨੇ ਬੁੱਧਵਾਰ ਅੱਧੀ ਰਾਤ ਨੂੰ ਸਰਚ ਅਭਿਆਨ ਚਲਾਇਆ। ਜੀਆਰਪੀ ਦੀ ਫੋਰਸ ਨੂੰ ਵੱਖ-ਵੱਖ ਯੂਨਿਟਾਂ ਵਿੱਚ ਵੰਡ ਕੇ ਪੂਰੇ ਸਟੇਸ਼ਨ ਦੀ ਤਲਾਸ਼ੀ ਲਈ ਗਈ। ਸਟੇਸ਼ਨ ਦੇ ਜੀਆਰਪੀ ਨੇ ਸਟੇਸ਼ਨ ਦੇ ਦੋਵੇਂ ਮੁੱਖ ਗੇਟਾਂ @ਤੇ ਪਾਰਕਿੰਗ ਏਰੀਆ, ਟਿਕਟ ਬੁਕਿੰਗ ਸੈਂਟਰ, ਰਿਜ਼ਰਵੇਸ਼ਨ ਸੈਂਟਰ ਦੇ ਬਾਹਰ ਚੈਕਿੰਗ ਕੀਤੀ। ਜਿਸ ਵਿੱਚ ਵਿਸ਼ੇਸ਼ ਤੌਰ @ਤੇ ਪੁਲਿਸ ਥਾਣਾ ਜੀਆਰਪੀ ਦੇ ਇੰਚਾਰਜ ਜਸਕਰਨ ਸਿੰਘ ਅਤੇ ਡੀ.ਐਸ.ਪੀ ਬਲਰਾਮ ਰਾਣਾ ਚੈਕਿੰਗ ਸਕੁਐਡ ਵਿੱਚ ਸ਼ਾਮਿਲ ਸਨ ਤਾਂ ਰੇਲਵੇ ਸਟੇਸ਼ਨ @ਤੇ ਬਿਨਾਂ ਕਿਸੇ ਕਾਰਨ ਘੁੰਮ ਰਹੇ ਸ਼ੱਕੀ ਵਿਅਕਤੀਆਂ ਅਤੇ ਨਸ਼ੇੜੀਆਂ ਨੂੰ ਪੁਲਿਸ ਨੇ ਪਿੱਛਾ ਕਰਕੇ ਥਾਣੇ ਦੇ ਬਾਹਰ ਦਬੋਚ ਲਿਆ। ਕਈ ਸ਼ੱਕੀਆਂ ਤੋਂ ਵੀ ਪੁੱਛਗਿੱਛ ਕੀਤੀ ਗਈ। ਪੁਲਿਸ ਦੀ ਲਾਠੀਚਾਰਜ ਪਰੇਡ ਦੇਖ ਕੇ ਕਈ ਸ਼ੱਕੀ ਦੂਰੋਂ ਭੱਜ ਗਏ। ਦੱਸ ਦਈਏ ਕਿ ਲੁਧਿਆਣਾ ਸਟੇਸ਼ਨ @ਤੇ ਰਾਤ ਸਮੇਂ ਕਈ ਸ਼ੱਕੀ ਲੋਕ ਸਵਾਰੀਆਂ ਵਿਚਾਲੇ ਵੜ ਜਾਂਦੇ ਸਨ। ਜਦੋਂ ਯਾਤਰੀ ਟਰੇਨ @ਚ ਚੜ੍ਹਨ ਲੱਗੇ ਤਾਂ ਭੀੜ ਦਾ ਫਾਇਦਾ ਉਠਾਉਂਦੇ ਹੋਏ ਯਾਤਰੀਆਂ ਦਾ ਸਾਮਾਨ ਚੋਰੀ ਕਰ ਲੈਂਦੇ ਸਨ ਪਰ ਬੁੱਧਵਾਰ ਨੂੰ ਅਜਿਹੇ ਕਈ ਲੋਕਾਂ ਨੂੰ ਜੀਆਰਪੀ ਨੇ ਭੀੜ @ਚੋਂ ਬਾਹਰ ਕੱਢ ਲਿਆ।

# ਪਿੰਡ ਧਰਮ ਸਿੰਘ ਵਾਲਾ ਦੀ ਗਰਾਮ ਪੰਚਾਇਤ ਵਲੋਂ ਕੀਤੇ ਗਏ ਪਿੰਡ ਦੇ ਵਿਕਾਸ ਕਾਰਜ ਹੁਣ ਉਹਦੇ ਲਈ ਹੀ ਸਰਾਪ ਬਣਨ ਲੱਗੇ



**ਮੋਗਾ /ਕੋਟ ਈਸੇ ਖਾਂ/ਦਵਿੰਦਰ ਸਿੰਘ ਬਿੱਟੂ**

ਪਿੰਡ ਧਰਮ ਸਿੰਘ ਵਾਲਾ ਦੀ ਗਰਾਮ ਪੰਚਾਇਤ ਵਲੋਂ ਕੀਤੇ ਗਏ ਪਿੰਡ ਦੇ ਵਿਕਾਸ ਕਾਰਜ ਹੁਣ ਉਹਦੇ ਲਈ ਹੀ ਸਰਾਪ ਬਣਨ ਲੱਗੇ ਹਨ।ਆਜ਼ਾਦੀ ਦੇ ਵਰ੍ਹਿਆਂ ਬਾਅਦ ਪਿੰਡ ਦਾ ਮੁਹਾਂਦਰਾ ਬਦਲਣ ਵਾਲੇ ਕਰਮਜੀਤ ਕੌਰ ਮਹਿਲਾ ਸਰਪੰਚ ਪਤਨੀ ਸਰਬਜੀਤ ਸਿੰਘ ਘਾਲੀ ਨੂੰ ਪਿੰਡ ਦੇ ਲੋਕਾਂ ਨੇ ਇਨਕੁਆਰੀਆਂ ਦੇ ਵਿੱਚ ਉਲਝਾ ਦਿੱਤਾ ਹੈ।ਕਿਉਂਕਿ ਪੁਰਾਣੀਆਂ ਪੰਚਾਇਤਾਂ ਅਤੇ ਪਿੰਡ ਦੇ ਮੋਹਤਵਾਰ ਰਹੇ ਲੋਕਾਂ ਨੂੰ ਪਿੰਡ ਦੀ ਬਦਲੀ ਦਿੱਖ ਹਾਜ਼ਮ ਨਹੀਂ ਹੋ ਰਹੀ।ਪਿਛਲੀਆਂ ਪੰਚਾਇਤਾਂ ਦੇ ਵਿੱਚ ਸਰਕਾਰ ਵੱਲੋਂ ਅਤੇ ਪਿੰਡ ਦੇ ਨਿੱਜੀ ਫੰਡਾਂ @ਚੋਂ ਕੌਡੀ ਨਾ ਖਰਚਣ ਵਾਲੇ ਹੁਣ ਵਿਕਾਸ ਕੰਮਾਂ ਦੇ ਇਤਿਹਾਸ ਰਚਣ ਵਾਲੀ ਪੰਚਾਇਤ ਤੋਂ ਹਿਸਾਬ ਮੰਗਣ ਲੱਗੇ ਹਨ। ਚੰਨੇ ਬੰਨੇ ਦੇ ਲੋਕ ਜਿਹੜੇ ਅਕਸਰ ਪਿੰਡ ਧਰਮ ਸਿੰਘ ਵਾਲਾ ਦੇ ਵਿੱਚੋਂ ਗੁਜ਼ਰਦੇ ਹਨ ਉਹ ਤਾਂ ਆਪਣੇ ਪਿੰਡਾਂ ਦੇ ਵਿਚ ਜਾ ਕੇ ਪਿੰਡ ਧਰਮ ਸਿੰਘ ਵਾਲਾ ਵਿੱਚ ਹੋਏ ਕੰਮਾਂ ਦੀਆਂ ਦਲੀਲਾਂ ਦੇ ਰਹੇ ਹਨ ਪਰ ਪਿੰਡ ਦੇ ਉਹ ਲੋਕ ਜਿਨ੍ਹਾਂ ਨੇ ਕਦੇ ਪਿੰਡ ਦੇ ਵਿਕਾਸ ਦੇ ਲਈ ਡੱਕਾ ਦੂਹਰਾ ਨਹੀਂ ਕੀਤਾ ਅੱਜ ਉਹ ਹਿਸਾਬ ਮੰਗ ਕੇ ਕੀ ਸਾਬਤ ਕਰਨਾ ਚਾਹੁੰਦੇ ਹਨ। ਜਦੋਂਕਿ ਸਰਪੰਚ ਸਰਬਜੀਤ ਸਿੰਘ ਦਾ ਪੱਖ ਦੇਖਿਆ ਜਾਵੇ ਤਾਂ ਉਸ ਨੇ ਸਰਕਾਰੀ ਫੰਡਾਂ ਦੇ ਨਾਲ ਨਾਲ ਨਿੱਜੀ ਤੌਰ @ਤੇ ਵੀ ਪਿੰਡ ਦੇ ਵਿਕਾਸ ਕੰਮਾਂ ਦੇ ਲਈ ਰਾਸ਼ੀ ਖਰਚੀ ਹੈ ।ਸਰਪੰਚੀ ਪਦ ਸੰਭਾਲਣ ਸਮੇਂ ਇਸ ਸਰਪੰਚ ਨੇ ਸੋਸ਼ਲ ਮੀਡੀਆ ਤੇ ਇਕ ਗਰੁੱਪ ਵੀ ਬਣਾਇਆ ਸੀ ਅਤੇ ਲੋਕਾਂ ਦੀਆਂ ਤੋਹਮਤਾਂ ਦੇ ਡਰ ਤੋਂ ਪਾਈ ਪਾਈ ਦਾ ਹਿਸਾਬ ਉਸ ਵੱਲੋਂ ਸੋਸ਼ਲ ਮੀਡੀਆ ਤੇ ਦਿੱਤਾ ਜਾਂਦਾ ਰਿਹਾ। ਪਿਛਲੀ ਸਰਕਾਰ ਵਿੱਚ ਹਲਕਾ ਵਿਧਾਇਕ ਸੁਖਜੀਤ ਸਿੰਘ ਲੋਹਗੜ ? ਨੇ ਪਿੰਡ ਤੋਤਾ ਸਿੰਘ ਵਾਲਾ ਤੋਂ ਧਰਮ ਸਿੰਘ ਵਾਲਾ ਦੀ ਫਿਰਨੀ ਸਮੇਤ ਕੱਚੇ ਰਸਤੇ ਨੂੰ ਪੱਕਾ ਕਰਨ ਦਾ ਨੀਂਹ ਪੱਥਰ ਵੀ ਰੱਖਿਆ ਸੀ ਜਿਹਦੀ ਸ਼ੁਰੂਆਤ ਹੋ ਚੁੱਕੀ ਸੀ ਪਰ ਪਿੰਡ ਦੇ ਕੁਝ ਲੋਕਾਂ ਨੇ ਸੜਕ ਦਾ ਕੰਮ ਰੁਕਵਾ ਦਿੱਤਾ ਹੈ। ਜਾਣਕਾਰੀ ਮੁਤਾਬਕ ਪੰਚਾਇਤ ਵੱਲੋਂ ਕੀਤੇ ਗਏ ਕੰਮਾਂ ਦੀ ਜਾਂਚ ਕਰਨ ਦੇ ਲਈ ਐਕਸੀਆਨ ਪੰਚਾਇਤ ਵਿਭਾਗ,ਐਸਡੀਓ ਗੁਰਦਾਸ ਸਿੰਘ ਅਤੇ ਤਿੰਨ ਜੇ.ਈ. ਪੁੱਜੇ।ਸਬੰਧਤ ਅਧਿਕਾਰੀਆਂ ਵੱਲੋਂ ਕੀਤੇ ਹੋਏ ਕੰਮਾਂ ਦੀ ਜਾਂਚ ਕੀਤੀ ਗਈ ਅਤੇ ਲੋਕਾਂ ਦੇ ਵਿਚਾਰ ਸੁਣੇ।ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਬਿਨਾਂ ਪੱਖਪਾਤ ਤੋਂ ਜਾਂਚ ਕਰ ਰਹੇ ਹਨ ਅਗਰ ਕੋਈ ਤਰੁਟੀ ਸਾਹਮਣੇ ਆਈ ਤਾਂ ਜ਼ਰੂਰ ਕਾਰਵਾਈ ਕੀਤੀ ਜਾਵੇਗੀ। ਪਿੰਡ ਦੀ ਸਰਪੰਚ ਨੇ ਕਿਹਾ ਕਿ ਉਹ ਜਾਂਚ ਅਧਿਕਾਰੀਆਂ ਅੱਗੇ ਆਪਣਾ ਹਰ ਪੱਖ ਰੱਖਣ ਨੂੰ ਤਿਆਰ ਹਨ।ਉਨ੍ਹਾਂ ਕਹਿ ਕੇ ਪਿੰਡ ਦੀਆਂ ਪੰਚਾਇਤੀ ਥਾਵਾਂ ਤੇ ਜਿਨ੍ਹਾਂ ਵਿਅਕਤੀਆਂ ਦੇ ਨਾਜਾਇਜ਼ ਕਬਜ਼ੇ ਹਨ ਉਹ ਵੀ ਛੁਡਵਾਏ ਜਾਣ ਅਤੇ ਪੰਚਾਇਤ ਇਸ ਕਾਰਜ ਤੇ ਵਿੱਚ ਪੂਰਨ ਸਹਿਯੋਗ ਦੇਵੇਗੀ। ਉਨ੍ਹਾਂ ਹਲਕਾ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਤੋਂ ਮੰਗ ਕੀਤੀ ਕਿ ਸਡ ?ਕ ਦਾ ਕਾਰਜ ਨਾ ਰੋਕਿਆ ਜਾਵੇ ਕਿਉਂਕਿ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਂਕਿ ਇਹ ਕਾਰਜ ਮਾਰਕੀਟ ਕਮੇਟੀ ਵੱਲੋਂ ਕੀਤਾ ਜਾ ਰਿਹਾ ਹੈ ਇਸ ਵਿੱਚ ਪੰਚਾਇਤ ਦਾ ਕੋਈ ਦਖ਼ਲ ਨਹੀਂ ਹੈ।

# ਬੀ.ਕੇ.ਯੂ ਪੰਜਾਬ ਦੇ ਆਗੂ ਸੁੱਖ ਗਿੱਲ ਨੇ ਐਸ.ਐਸ.ਪੀ ਮੋਗਾ ਨਾਲ ਕੀਤੀ ਮੁਲਕਾਤ



**ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਜਿਲ੍ਹਾ ਪ੍ਰਧਾਨ ਸੁੱਖ ਗਿੱਲ ਤੋਤਾ ਸਿੰਘ ਵਾਲਾ ਅਤੇ ਸਾਥੀਆਂ ਨੇ ਮੋਗਾ ਦੇ ਮਾਨਯੋਗ ਐਸ.ਐਸ.ਪੀ ਸ੍ਰ: ਗੁਲਨੀਤ ਸਿੰਘ ਖੁਰਾਣਾ ਨਾਲ ਮੁਲਾਕਾਤ ਕਰਕੇ ਮੋਗਾ ਜਿਲ੍ਹੇ ਦੇ ਕਿਸਾਨਾਂ ਨੂੰ ਆ ਰਹੀਆਂ ਮੁਸ਼ਕਿਲਾਂ ਬਾਰੇ ਜਾਣੂ ਕਰਵਾਇਆ,ਸੁੱਖ ਗਿੱਲ ਨੇ ਬੋਲਦਿਆਂ ਕਿਹਾ ਕੇ ਕਿਸਾਨ ਦੇਸ਼ ਦੀ ਰੀੜ ਦੀ ਹੱਡੀ ਹਨ ਅੰਨਦਾਤਾ ਕਹਾਉਣ ਵਾਲਾ ਕਿਸਾਨ ਅੱਜ ਫਾਹੇ ਲਾ-ਲਾ ਕੇ ਖੁਦ-ਕੁਸ਼ੀਆਂ ਦੇ ਰਾਹ ਤੇ ਕਿਉਂ ਤੁਰਿਆ ਹੈ,ਇਹ ਇੱਕ ਬਹੁਤ ਵੱਡਾ ਚਿੰਤਾ ਦਾ ਵਿਸ਼ਾ ਹੈ,ਸਾਨੂੰ ਰਲ-ਮਿਲ ਕੇ ਇਸ ਮਸਲੇ ਦਾ ਹੱਲ ਕੱਡਣਾ ਚਾਹੀਦਾ ਹੈ,ਬੀ ਕੇ ਯੂ ਪੰਜਾਬ ਦੇ ਆਗੂ ਸੁੱਖ ਗਿੱਲ ਨੇ ਆਪਣੀ ਜਥੇਬੰਦੀ ਵੱਲੋਂ ਪ੍ਰਸ਼ਾਸ਼ਨ ਨਾਲ ਰਲ ਕੇ ਸਮਾਜ ਚ ਹੋ ਰਹੀਆਂ ਕੁਰੀਤੀਆਂ ਨੂੰ ਸਾਫ ਕਰਨ ਲਈ ਐਸ ਐਸ ਪੀ ਮੋਗਾ ਸ੍ਰ:ਗੁਲਨੀਤ ਸਿੰਘ ਖੁਰਾਣਾ ਨੂੰ ਵਿਸ਼ਵਾਸ਼ ਦਵਾਇਆ ਕੇ ਉਹ ਪ੍ਰਸ਼ਾਸ਼ਨ ਦਾ ਹਰ ਉਸ ਕੰਮ ਚ ਸਾਥ ਦੇਣਗੇ ਜਿਸ ਵਿੱਚ ਸਮਾਜ ਦਾ ਭਲਾ ਹੋਵੇ,ਆਏ ਦਿਨ ਪੰਜਾਬ ਚੋ ਨਸ਼ਿਆਂ ਨਾਲ ਵਧ ਰਹੀ ਮੌਤਾਂ ਦੀ ਗਿਣਤੀ ਨੂੰ ਲੈ ਕੇ ਵੀ ਬੀ.ਕੇ.ਯੂ ਪੰਜਾਬ ਦੇ ਆਗੂਆਂ ਨੇ ਚਿੰਤਾ ਜਤਾਈ ਅਤੇ ਐਸ ਐਸ ਪੀ ਮੋਗਾ ਨੂੰ ਨਸ਼ੇ ਦੇ ਸੌਦਾਗਰਾਂ ਨੂੰ ਨੱਥ ਪਾਉਣ ਲਈ ਵੀ ਬੇਨਤੀ ਕੀਤੀ ਇਸ ਮੌਕੇ ਸੁੱਖ ਗਿੱਲ ਨਾਲ ਗੁਰਿੰਦਰ ਸਿੰਘ ਸੰਧੂ ਮੋਗਾ,ਕਸ਼ਮੀਰ ਸਿੰਘ ਸੰਧੂ ਅਤੇ ਮਨੀ ਮੋਗਾ ਹਾਜਰ ਸਨ!

# 5 ਰੁਪਏ ਪ੍ਰਤੀ ਯੂਨਿਟ ਬਿਜਲੀ ਉਦਯੋਗ ਤੇ ਵਪਾਰਕ ਕਾਰੋਬਾਰੀ ਦੁਕਾਨਦਾਰਾਂ ਨੂੰ ਦਿੱਤਾ ਜਾਵੇ

**ਬਟਾਲਾ/ਸੁਖਨਾਮ ਸਿੰਘ**

ਆਮ ਆਦਮੀ ਪਾਰਟੀ ਦਾ ਵਾਅਦਾ ਸੀ ਕਿ ਹਰ ਪਰਿਵਾਰ ਨੂੰ ਹਰ ਮਹੀਨੇ 300 ਯੂਨਿਟ ਬਿਜਲੀ ਦਿੱਤੀ ਜਾਵੇਗੀ ਪਰ ਸਰਕਾਰ ਬਣਦਿਆਂ ਹੀ 300 ਯੂਨਿਟ ਬਿਜਲੀ ਦੇਣ ਦੀ ਬਜਾਏ ਪੰਜਾਬ ਦੇ ਲੋਕਾਂ ਨੂੰ ਜਾਤੀਵਾਦ ਵਿੱਚ ਵੰਡਿਆ ਜਾ ਰਿਹਾ ਹੈ, ਜੋ ਕਿ ਬਹੁਤ ਹੀ ਦੁਖਦਾਈ ਅਤੇ ਲੋਕਾਂ ਦੇ ਦਿਲਾਂ ਨੂੰ ਠੇਸ ਪਹੁੰਚਾਉਣ ਵਾਲੀ ਗੱਲ ਹੈ। ਇਹ ਸ਼ਬਦ ਭਾਜਪਾ ਦੇ ਸੀਨੀਅਰ ਆਗੂ ਇੰਦਰ ਸੇਖੜੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਹੇ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦਾ ਕੀਤਾ ਗਿਆ ਵਾਅਦਾ ਵੀ ਧੁੰਦਲਾ ਨਜ਼ਰ ਆ ਰਿਹਾ ਹੈ। ਸਰਕਾਰ ਬਣਦਿਆਂ ਹੀ 18 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ 1000 ਰੁਪਏ ਦੇਣ ਦਾ ਵਾਅਦਾ ਵੀ ਖ਼ਤਰੇ ਵਿਚ ਪੈ ਗਿਆ ਹੈ। ਇਸ ਤੋਂ ਇਲਾਵਾ ਹਰ ਪਰਿਵਾਰ ਨੂੰ ਨੌਕਰੀ ਦੇਣ ਦਾ ਵਾਅਦਾ ਵੀ ਨਜ਼ਰ ਨਹੀਂ ਆ ਰਿਹਾ, ਆਮ ਆਦਮੀ ਸਰਕਾਰ ਦੇ ਰਾਜ ਦੌਰਾਨ ਕੋਈ ਵੀ ਕਿਸਾਨ ਖੁਦਕੁਸ਼ੀ ਨਹੀਂ ਕਰੇਗਾ ਇਹ ਪ੍ਰਚਾਰ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਚੋਣਾਂ ਦੌਰਾਨ ਹਰ ਪਲੇਟਫਾਰਮ @ਤੇ



ਕੀਤਾ ਸੀ, ਪਰ ਉਨ੍ਹਾਂ ਦੀ ਸਰਕਾਰ ਬਣਨ ਤੋਂ ਬਾਅਦ ਕਈ ਕਿਸਾਨ ਖੁਦਕੁਸ਼ੀਆਂ ਕਰ ਚੁੱਕੇ ਹਨ, ਜੋ ਕਿ ਆਮ ਆਦਮੀ ਪਾਰਟੀ @ਤੇ ਕਲੰਕ ਹੈ, ਜਿਸ ਨੇ ਲੋਕਾਂ ਨਾਲ ਕੀਤਾ ਪਹਿਲਾ ਵਾਅਦਾ ਹੈ ਬਿਜਲੀ ਮੁਆਫੀ ਦਾ ਪੰਜਾਬ ਪੂਰੀ ਤਰ੍ਹਾਂ ਫੇਲ ਹੋ ਚੁੱਕਾ ਹੈ।

ਦੂਜਾ ਵਾਅਦਾ ਉਦਯੋਗਾਂ ਨੂੰ 5 ਯੂਨਿਟ ਬਿਜਲੀ ਦੇਣ ਦਾ ਵਾਅਦਾ ਤਾਂ ਲੱਗਦਾ ਹੈ ਕਿ ਹੁਣ ਪੂਰਾ ਨਹੀਂ ਹੋਵੇਗਾ, ਸਰਕਾਰ ਦੀਆਂ ਨੀਤੀਆਂ ਤੋਂ ਸਾਫ਼ ਹੈ ਕਿ ਉਹ ਵਾਅਦਾ ਵੀ ਪੂਰਾ ਨਹੀਂ ਹੋਵੇਗਾ। ਉਦਯੋਗ ਦੇ ਨਾਲ-ਨਾਲ ਹਰ ਉਹ ਵਰਗ ਜੋ ਵਪਾਰਕ ਹੈ, ਜੋ ਕਿ ਉਦਯੋਗ ਵਜੋਂ ਕੰਮ ਕਰ ਰਿਹਾ ਹੈ, ਵੱਡੇ ਸ਼ੋਅਰੂਮਾਂ, ਦੁਕਾਨਦਾਰਾਂ ਜਿਨ੍ਹਾਂ ਵਿੱਚ 50 ਤੋਂ 100 ਕਰਮਚਾਰੀ ਕੰਮ ਕਰ ਰਹੇ ਹਨ, ਨੂੰ ਵੀ 5 ਰੁਪਏ ਯੂਨਿਟ ਬਿਜਲੀ ਦਿੱਤੀ ਜਾਣੀ ਚਾਹੀਦੀ ਹੈ ਕਿਉਂਕਿ ਉਹ ਇਸ ਦੇ ਹੱਕਦਾਰ ਹਨ। ਉਹ ਸਰਕਾਰ ਨੂੰ ਕਰੋੜਾਂ ਰੁਪਏ ਦੇ ਟੈਕਸ ਦੇ ਰਿਹਾ ਹੈ, ਉਸ ਦੇ ਪੈਸੇ ਦੀ ਬਜਾਏ ਦੂਜੇ ਭਾਈਚਾਰਿਆਂ ਦੇ ਲੋਕਾਂ ਨੂੰ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਇਸੇ ਤਰ੍ਹਾਂ ਪੰਜਾਬ ਦੇ ਸਾਰੇ ਲੋਕਾਂ ਨੂੰ ਬਰਾਬਰ ਸਹੂਲਤਾਂ ਦਿੱਤੀਆਂ ਜਾਣ, ਕੇਜਰੀਵਾਲ ਦਾ ਵਾਅਦਾ ਸੀ ਕਿ ਪੰਜਾਬ ਦੇ ਲੋਕਾਂ ਨੂੰ ਬਰਾਬਰ ਸਹੂਲਤਾਂ ਦਿੱਤੀਆਂ ਜਾਣਗੀਆਂ, ਹੁਣ ਉਹ ਆਪਣੇ ਵਾਅਦੇ ਤੋਂ ਭੱਜ ਰਹੇ ਹਨ। ਕੇਜਰੀਵਾਲ ਆਪਣਾ ਵਾਅਦਾ ਪੂਰਾ ਕਰੋ ਇੰਦਰਾ ਸੇਖੜੀ ਨੇ ਕਿਹਾ ਕਿ ਅਸੀਂ ਕੇਜਰੀਵਾਲ ਨੂੰ ਪੁੱਛ ਰਹੇ ਹਾਂ ਕਿਉਂਕਿ ਚੋਣਾਂ ਦੌਰਾਨ ਜ਼ੋਰਦਾਰ ਪ੍ਰਚਾਰ ਕੀਤਾ ਗਿਆ ਸੀ। ਕੇਜਰੀਵਾਲ ਨੂੰ ਇੱਕ ਵਾਰ ਮੌਕਾ ਦਿਓ, ਜਦੋਂ ਪੰਜਾਬ ਦੇ ਸਾਰੇ ਲੋਕਾਂ ਨੇ ਮੌਕਾ ਦਿੱਤਾ ਹੈ ਤਾਂ ਪੰਜਾਬ ਦੇ ਸਾਰੇ ਲੋਕਾਂ ਨੂੰ ਸਹੂਲਤਾਂ ਲੈਣ ਦਾ ਹੱਕ ਹੈ, ਇਸ ਲਈ ਸਾਰੇ ਪੰਜਾਬੀਆਂ ਨੂੰ ਬਰਾਬਰ ਸਹੂਲਤਾਂ ਦਿੱਤੀਆਂ ਜਾਣ।

ਇਸ ਮੌਕੇ ਉਦਯੋਗਪਤੀ ਵੀ.ਐਮ ਗੋਇਲ, ਰਾਜੇਸ਼ ਮਰਵਾਹਾ, ਨਰੇਸ਼ ਸਨਨ, ਅਜੇ ਰਿਸ਼ੀ ਸ਼ਰਮਾ, ਸਾਹਿਲ ਗਿੱਲ, ਸਾਹਿਲ ਅਗਰਵਾਲ, ਭਾਰਤ ਭੂਸ਼ਣ ਆਦਿ ਹਾਜ਼ਰ ਸਨ।

# ਛੋਟੇ ਬੱਚਿਆਂ ਨੂੰ ਪਿੰਡ ਵਿਚ ਕਿਸੇ ਦੇ ਘਰੋਂ ਪੌੜੀ ਲੈਣ ਭੇਜਿਆ






**ਅਜਨਾਲਾ/ਰਾਜਾ ਕੋਟਲੀ, ਸੁਖਨਾਮ ਸਿੰਘ**

ਮਾਮਲਾ ਅਜਨਾਲਾ ਦੇ ਪਿੰਡ ਲਕਸ਼ਰੀਨੰਗਲ ਤੋਂ ਸਾਹਮਣੇ ਆਇਆ ਹੈ ਕਿ ਇਥੋਂ ਦੇ ਸਰਕਾਰੀ ਐਲੀਮੈਂਟਰੀ ਸਕੂਲ ਦੇ ਅਧਿਆਪਕਾਂ ਵੱਲੋਂ ਛੋਟੇ ਛੋਟੇ ਬੱਚਿਆਂ ਨੂੰ ਪਿੰਡ ਵਿਚ ਕਿਸੇ ਦੇ ਘਰੋਂ ਪੌੜੀ ਲੈਣ ਭੇਜਿਆ ਗਿਆ ਜਦਕਿ ਬੱਚਿਆਂ ਦੇ ਨਾਲ ਕੋਈ ਵੀ ਸਿਆਣਾ ਵਿਅਕਤੀ ਨਹੀਂ ਹੁੰਦਾ ਅਤੇ ਜਦ ਬੱਚੇ ਪੌੜੀ ਲੈ ਕੇ ਆ ਰਹੇ ਹੁੰਦੇ ਹਨ ਤਾਂ ਕਿਸੇ ਵੱਲੋਂ ਉਨ੍ਹਾਂ ਦੀ ਵੀਡੀਓ ਬਣਾ ਲਈ ਜਾਂਦੀ ਹੈ ਜੋ ਕਿ ਸੋਸ਼ਲ ਮੀਡੀਆ ਤੇ ਵਾਇਰਲ ਕੀਤੀ ਜਾਂਦੀ ਹੈ ਇਸ ਵੀਡੀਓ ਨੂੰ ਵੇਖ ਕੇ ਸਾਡੇ ਪੱਤਰਕਾਰ ਜਦ ਪਿੰਡ ਲਸ਼ਕਰੀਨੰਗਲ ਪਹੁੰਚਦੇ ਹਨ ਤਾਂ ਪ੍ਰਿੰਸੀਪਲ ਰਾਜਵਿੰਦਰ ਕੌਰ ਤਾਂ ਛੁੱਟੀ ਤੇ ਹੁੰਦੀ ਹੈ ਜਿੰਨਾ ਨਾਲ ਫੋਨ ਤੇ ਗੱਲਬਾਤ ਕੀਤੀ ਗਈ ਤਾਂ ਓਹਨਾ ਕੋਲ ਕੋਈ ਢੁੱਕਵਾਂ ਜਵਾਬ ਨਹੀਂ ਸੀ।ਪ੍ਰਿੰਸੀਪਲ ਨੇ ਕਿਹਾ ਕਿ ✵✵✝✂ ਵਾਲੇ ਕੈਮਰੇ ਲਗਾਉਣ ਆਏ ਸੀ ਇਸ ਲਈ ਬੱਚਿਆਂ ਨੂੰ ਭੇਜਣਾ ਪਿਆ । ਇਸ ਸਬੰਧੀ ਜਦ ਸਰਪੰਚ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਸਕੂਲ ਵਾਲਿਆਂ ਦੀ ਪਹਿਲਾਂ ਵੀ ਸ਼ਿਕਾਇਤ ਆਉਂਦੀ ਰਹੀ ਹੈ ਕਿ ਬੱਚਿਆਂ ਤੋਂ ਟੀਚਰ ਕੰਮ ਕਰਾਉਂਦੇ ਹਨ ਜਿਵੇਂ ਕਿ ਭਾਂਡੇ ਮੰਜਾਉਣੇ ਦੁੱਧ ਮੰਗਾਉਣ ਆਟਾ ਲਿਆਉਣਾ ਪਾਥੀਆਂ ਲਿਆਉਣੀਆਂ ਅਤੇ ਹੁਣ ਪਉੜੀ ਵਾਲਾ ਮਾਮਲਾ ਸਾਹਮਣੇ ਆਇਆ ਹੈ। ਟੀਚਰਾਂ ਨੂੰ ਬੱਚਿਆਂ ਤੋਂ ਕੰਮ ਨਹੀਂ ਕਰਵਾਉਣਾ ਚਾਹੀਦਾ। ਬੱਚਿਆਂ ਦੇ ਮਾਪਿਆਂ ਨੇ ਕਿਹਾ ਕਿ ਅਸੀਂ ਬੱਚਿਆਂ ਨੂੰ ਪੜ੍ਹਨ ਲਈ ਭੇਜਦੇ ਹਾਂ ਨਾ ਕਿ ਕੰਮ ਕਰਨ ਲਈ ਕੰਮ ਹੀ ਕਰਨਾ ਹੈ ਤਾਂ ਅਸੀਂ ਘਰੇ ਕਰਾ ਸਕਦੇ ਹਾਂ। ਇਕ ਪਾਸੇ ਤਾਂ ਆਮ ਆਦਮੀ ਪਾਰਟੀ ਦੀ ਸਰਕਾਰ ਸਕੂਲਾਂ ਦਾ ਮਿਆਰ ਉੱਚਾ ਚੁੱਕਣਾ ਚਾਹੁੰਦੀ ਹੈ ਪਰ ਸਰਕਾਰੀ ਸਕੂਲਾਂ ਦੇ ਅਧਿਆਪਕ ਬੱਚਿਆਂ ਤੋਂ ਕੰਮ ਕਰਵਾ ਕੇ ਉਹਨਾਂ ਤੇ ਬੋਝ ਪਾਉਂਦੇ ਹੋਣ ਜਿਸ ਕਰਕੇ ਲੋਕ ਸਰਕਾਰੀ ਸਕੂਲ ਤੋਂ ਦੂਰ ਹੁੰਦੇ ਹਨ ਇਸ ਮਾਮਲੇ ਵਿੱਚ ਸਰਕਾਰ ਕੀ ਕਰਦੀ ਹੈ ਇਹ ਦੇਖਣ ਵਾਲੀ ਗੱਲ ਹੋਵੇਗੀ ।